# ਅਧਿਆਇ 25

# ਪਓਰ ਦੇ ਬਆਲ ਨਾਲ ਇਸਰਾਏਲ ਦਾ ਪਾਪ

ਗਿਣਤੀ ਦੀ ਪੁਸਤਕ ਵਿਚ ਇਸਰਾਏਲ ਦੇ ਆਖ਼ਰੀ ਪਾਪ ਦਾ ਵਰਣਨ ਅਧਿਆਇ 25 ਵਿਚ ਕੀਤਾ ਗਿਆ ਹੈ। ਇਸਰਾਏਲੀ ਸ਼ਿੱਟੀਮ ਵਿਚ, ਮੋਆਬ ਦੇ ਮਦਾਨ ਵਿਚ ਸਨ ਜਿੱਥੇ ਉਹ "ਮੋਆਬ ਦੀਆਂ ਕੁੜੀਆਂ ਨਾਲ ਜ਼ਨਾਹ ਕਰਨ ਲੱਗ ਪਏ" (25:1) ਅਤੇ "ਪਓਰ ਦੇ ਬਆਲ ਦੇਵ ਨਾਲ ਰਲ ਗਏ" (25:3)। ਇਸ ਕਾਰਣ ਪਰਮੇਸ਼ੁਰ ਦਾ ਕ੍ਰੋਧ ਭੜਕ ਉੱਠਿਆ ਅਤੇ ਉਸ ਨੇ ਲੋਕਾਂ ਨੂੰ ਸਜ਼ਾ ਦਿੱਤੀ।

ਇਸਰਾਏਲ ਦੇ ਪਾਪ ਦੇ ਵੇਰਵੇ ਇੱਕ ਬੇਕਾਰ ਟਿੱਪਣੀ ਕਰਦੇ ਹਨ। ਉਸ ਸ਼ਾਨਦਾਰ ਤਰੀਕੇ ਨੂੰ ਸੁਣਨ ਦੇ ਮਗਰੋਂ ਜਿਸ ਨਾਲ ਪਰਮੇਸ਼ੁਰ ਨੇ ਬਰਕਤ ਦਿੱਤੀ ਸੀ ਅਤੇ 23 ਅਤੇ 24 ਅਧਿਆਵਾਂ ਵਿਚ ਇਸਰਾਏਲ ਨੂੰ ਬਰਕਤ ਦੇਵੇਗਾ, ਅਧਿਆਇ 25 ਵਿਚ ਹੋਰ ਖੁਸ਼ਖ਼ਬਰੀ ਦੀ ਉਮੀਦ ਕੀਤੀ ਗਈ ਹੈ। ਅਜਿਹੀਆਂ ਬਰਕਤਾਂ ਬਾਰੇ ਪੜ੍ਹਨ ਤੋਂ ਬਾਅਦ, ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ ਇਸਰਾਏਲੀਆਂ ਨੇ ਕੋਈ ਵੀ ਸਮੱਸਿਆਵਾਂ ਦਾ ਅਨੁਭਵ ਨਹੀਂ ਸੀ ਕੀਤਾ ਜਦੋਂ ਉਹ ਕਨਾਨ ਦੇ ਦੇਸ ਵਿਚ ਗਏ। ਪਰ, ਪਰਮੇਸ਼ੁਰ ਦੀ ਪਰਜਾ ਨੇ ਫੇਰ ਪਰਮੇਸ਼ੁਰ ਦੀਆਂ ਬਰਕਤਾਂ ਦਾ ਜਵਾਬ ਨਾਸ਼ੁਕਰੇਪਣ ਅਤੇ ਅਣਆਗਿਆਕਾਰੀ ਨਾਲ ਦਿੱਤਾ ਸੀ।

ਇਸ ਅਧਿਆਇ ਨੂੰ ਸਮਝਣ ਦੇ ਲਈ, ਸਾਨੂੰ ਜੋ ਹੋਇਆ ਸੀ ਉਸ ਦੇ ਅਤੇ ਇਨ੍ਹਾਂ ਘਟਨਾਵਾਂ ਦੀ ਮਹੱਤਤਾ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸਰਾਏਲੀਆਂ ਦੇ ਪਾਪ ਦੇ ਨਤੀਜੇ ਗੰਭੀਰ ਸਨ।

## ਪਾਪ (25:1-8)

**1ਜਦ ਇਸਰਾਏਲ ਸ਼ਿੱਟੀਮ ਵਿੱਚ ਵੱਸਦੇ ਸਨ, ਤਦ ਲੋਕ ਮੋਆਬ ਦੀਆਂ ਕੁੜੀਆਂ ਨਾਲ
ਜ਼ਨਾਹ ਕਰਨ ਲੱਗ ਪਏ। 2ਜਦ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਦੇਵਤਿਆਂ ਦੀਆਂ ਬਲੀਆਂ ਉੱਤੇ
ਬੁਲਾਇਆ ਤਾਂ ਲੋਕਾਂ ਨੇ ਖਾਧਾ ਅਤੇ ਉਨ੍ਹਾਂ ਦੇ ਦੇਵਤਿਆਂ ਅੱਗੇ ਮੱਥਾ ਟੇਕਿਆ। 3ਸੋ
ਇਸਰਾਏਲ ਪਓਰ ਦੇ ਬਆਲ ਦੇਵ ਨਾਲ ਰਲ ਗਿਆ ਤਾਂ ਯਹੋਵਾਹ ਦਾ ਕ੍ਰੋਧ ਇਸਰਾਏਲ
ਉੱਤੇ ਭੜਕਿਆ। 4ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਲੋਕਾਂ ਦੇ ਸਾਰੇ ਮੁਖੀਆਂ ਨੂੰ ਲੈ ਕੇ
ਯਹੋਵਾਹ ਦੇ ਅੱਗੇ ਧੁੱਪ ਵਿੱਚ ਟੰਗ ਦੇਹ ਤਾਂ ਜੋ ਯਹੋਵਾਹ ਦੇ ਕ੍ਰੋਧ ਦਾ ਤੱਤ ਇਸਰਾਏਲ ਤੋਂ
ਟਲ ਜਾਵੇ। 5ਤਾਂ ਮੂਸਾ ਨੇ ਨਿਆਉਂਕਾਰਾਂ ਨੂੰ ਆਖਿਆ, ਹਰ ਇੱਕ ਆਪਣੇ ਮਨੁੱਖਾਂ ਨੂੰ ਜਿਹੜੇ
ਬਆਲ ਪਓਰ ਨਾਲ ਰਲ ਗਏ ਹਨ ਵੱਢ ਸੁੱਟੋ। 6ਤਾਂ ਵੇਖੋ, ਇੱਕ ਇਸਰਾਏਲੀ ਮਨੁੱਖ ਆਇਆ
ਅਤੇ ਆਪਣੇ ਭਰਾਵਾਂ ਲਈ ਇੱਕ ਮਿਦਯਾਨਣ ਨੂੰ ਮੂਸਾ ਦੇ ਵੇਖਦਿਆਂ ਅਤੇ ਸਾਰੀ
ਇਸਰਾਏਲੀ ਮੰਡਲੀ ਦੇ ਵੇਖਦਿਆਂ ਤੇ ਜਦ ਉਹ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਰੋ ਰਹੇ**

**ਸਨ ਲੈ ਆਇਆ। 7ਜਾਂ ਹਾਰੂਨ ਜਾਜਕ ਦੇ ਪੋਤੇ ਅਲਆਜ਼ਾਰ ਦੇ ਪੁੱਤ੍ਰ ਫ਼ੀਨਹਾਸ ਨੇ ਵੇਖਿਆ
ਤਾਂ ਮੰਡਲੀ ਦੇ ਤੰਬੂ ਵਿੱਚੋਂ ਉੱਠ ਕੇ ਆਪਣੇ ਹੱਥ ਵਿੱਚ ਇੱਕ ਨੇਜ਼ਾ ਲਿਆ। 8ਅਤੇ ਉਸ
ਇਸਰਾਏਲੀ ਮਨੁੱਖ ਦੇ ਪਿੱਛੇ ਚਾਨਣੀ ਵਿੱਚ ਜਾ ਕੇ ਦੋਹਾਂ ਨੂੰ ਅਰਥਾਤ ਇਸਰਾਏਲੀ ਮਨੁੱਖ
ਅਤੇ ਉਸ ਤੀਵੀਂ ਦੇ ਢਿੱਡ ਨੂੰ ਵਿੰਨ੍ਹ ਸੁੱਟਿਆ ਤਾਂ ਇਸਰਾਏਲੀਆਂ ਤੋਂ ਬਵਾ ਰੁਕ ਗਈ।**

**ਆਇਤ 1. ਇਸਰਾਏਲ ਸ਼ਿੱਟੀਮ ਵਿੱਚ ਵੱਸਦੇ ਸਨ।** "ਸ਼ਿੱਟੀਮ" ਸ਼ਬਦ ਦਾ ਅਰਥ ਹੈ "ਕਿੱਕਰ ਦੇ ਰੁੱਖ।" NKJV ਬਾਈਬਲ ਇਸ ਦਾ ਅਨੁਵਾਦ "ਕਿੱਕਰ ਦਾ ਬਾਗ਼" ਕਰਦੀ ਹੈ। ਇਹੀ ਥਾਂ ਦਾ ਬਾਅਦ ਵਿਚ "ਆਬੇਲ-ਸ਼ਿੱਟੀਮ" ਵਜੋਂ ਹਵਾਲਾ ਦਿੱਤਾ ਗਿਆ ਹੈ। ਇਹ ਮੋਆਬ ਦੇ ਮਦਾਨ ਵਿਚ, ਯਰਦਨ ਨਦੀ ਦੇ ਪਾਰ ਯਰੀਹੋ ਵਿਚ ਸਥਿਤ ਸੀ (33:50; ਯਹੋਸ਼ੁਆ 2:1; 3:1)। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਉਹ ਥਾਂ ਸੀ ਜਿੱਥੇ ਇਸਰਾਏਲੀਆਂ ਨੇ ਡੇਰਾ ਲਾਇਆ ਸੀ ਜਦ ਬਿਲਆਮ ਉਨ੍ਹਾਂ ਨੂੰ ਬਰਕਤ ਦੇ ਰਿਹਾ ਸੀ (22:1)।

ਇਸਰਾਏਲੀਆਂ ਨੇ ਇਕ ਗੰਭੀਰ ਪਾਪ ਕੀਤਾ ਸੀ: **ਲੋਕ ਮੋਆਬ ਦੀਆਂ ਕੁੜੀਆਂ ਨਾਲ ਜ਼ਨਾਹ ਕਰਨ ਲੱਗ ਪਏ**। "ਜ਼ਨਾਹ ਕਰਨਾ" ਦੱਸਦਾ ਹੈ ਕਿ ਇਸਰਾਏਲੀਆਂ ਮਨੁੱਖਾਂ ਨੇ ਮੋਆਬ ਦੀਆਂ ਤੀਵੀਆਂ ਨਾਲ ਵਿਭਚਾਰ ਕੀਤਾ ਸੀ। ਇਹ ਵਿਭਚਾਰ ਯੌਨ ਕਿਰਿਆ ਵਾਲਾ, ਜਿਵੇਂ ਕਿ ਅਧਿਆਇ ਵਿਚ ਅੱਗੇ ਜਾ ਕੇ ਸਪੱਸ਼ਟ ਹੋ ਜਾਂਦਾ ਹੈ, ਅਤੇ ਆਤਮਿਕ ਦੋਵੇਂ ਸੀ। ਇਕ ਭਾਵ ਵਿਚ, ਪਰਮੇਸ਼ੁਰ ਨੇ ਇਸਰਾਏਲੀਆਂ ਨਾਲ ਇਕ ਨੇਮ ਬੰਨ੍ਹਣ ਦੇ ਦੁਆਰਾ ਉਨ੍ਹਾਂ ਨਾਲ "ਵਿਆਹ ਕੀਤਾ" ਸੀ। ਇਸ ਲਈ, ਜਦੋਂ ਇਸਰਾਏਲੀ ਯਹੋਵਾਹ ਦੀ ਵੱਲੋਂ ਮੁੜ ਕੇ ਕਿਸੇ ਹੋਰ ਦੇਵਤੇ ਦੀ ਪੂਜਾ ਕਰਨ ਲੱਗ ਪਏ, ਉਹ ਆਤਮਿਕ ਜ਼ਨਾਹਕਾਰੀ ਕਰ ਰਹੇ ਸਨ।

**ਆਇਤ 2.** ਇਸ ਮਾਮਲੇ ਵਿਚ, ਧਰਮ ਅਤੇ ਕਾਮੁਕਤਾ ਆਪਸ ਵਿਚ ਮਿਲ ਗਏ। ਮੋਆਬ ਦੀਆਂ ਤੀਵੀਆਂ ਨੇ ਇਸਰਾਏਲੀ ਮਨੁੱਖਾਂ ਨੂੰ **ਆਪਣੇ ਦੇਵਤਿਆਂ ਦੀਆਂ ਬਲੀਆਂ** ਵਿਚ ਸ਼ਾਮਲ ਹੋਣ ਦੇ ਲਈ ਲੁਭਾਇਆ। ਇਸਰਾਏਲੀਆਂ ਨੇ ਉਹ ਭੋਜਨ ਖਾਧੇ ਜਿਨ੍ਹਾਂ ਨੂੰ ਖਾਣ ਦੀ ਮਨਾਹੀ ਸੀ ਅਤੇ ਉਨ੍ਹਾਂ ਨੇ ਮੋਆਬ ਦੇ **ਦੇਵਤਿਆਂ** ਅੱਗੇ **ਮੱਥਾ ਵੀ ਟੇਕਿਆ**। ਪਰਕਾਸ਼ ਦੀ ਪੋਥੀ 2:14 ਇਸ ਮੂਲ ਲਿਖਤ ਤੇ ਇਕ ਚੰਗੀ ਕਮੈਂਟਰੀ ਜਾਂ ਟੀਕਾ-ਟਿੱਪਣੀ ਦਾ ਕੰਮ ਕਰਦੀ ਹੈ: "... ਉੱਥੇ ਤੇਰੇ ਕੋਲ ਓਹ ਹਨ ਜਿਨ੍ਹਾਂ ਬਿਲਆਮ ਦੀ ਸਿੱਖਿਆ ਧਾਰੀ ਹੈ ਜਿਹ ਨੇ ਬਾਲਾਕ ਨੂੰ ਸਿੱਖਿਆ ਦਿੱਤੀ ਸੀ ਜੋ ਇਸਰਾਏਲ ਦੇ ਵੰਸ ਦੇ ਅੱਗੇ ਠੇਡੇ ਲਾਉਣ ਵਾਲੀ ਵਸਤ ਸੁੱਟ ਦੇਵੇ ਭਈ ਓਹ *ਮੂਰਤੀਆਂ ਦੇ ਚੜ੍ਹਾਵੇ ਖਾਣ ਅਤੇ ਹਰਾਮਕਾਰੀ ਕਰਨ"* (ਜ਼ੋਰ ਦਿੱਤਾ ਗਿਆ ਹੈ)।

**ਆਇਤ 3. ਸੋ ਇਸਰਾਏਲ ਪਓਰ ਦੇ ਬਆਲ ਦੇਵ ਨਾਲ ਰਲ ਗਿਆ।** ਪੁਰਾਣੇ ਨੇਮ ਵਿਚ ਇਹ ਬਆਲ ਦੀ ਪੂਜਾ ਦਾ ਪਹਿਲਾ ਸ਼ਪੱਸ਼ਟ ਹਵਾਲਾ ਹੈ; ਬਆਲ ਇਸਰਾਏਲ ਦੀ ਪਰਜਾ ਦੇ ਦਿਲਾਂ ਦੇ ਲਈ ਯਹੋਵਾਹ ਨਾਲ ਮੁੱਖ ਪ੍ਰਤੀਯੋਗੀ ਬਣਿਆ। ਇਸ ਸਮੇਂ ਵਿਚ, ਇਸਰਾਏਲੀ ਕਨਾਨੀ ਇਲਾਕੇ ਦੇ ਮੁੱਖ ਦੇਵਤਾ ਬਆਲ ਦੀ ਪੂਜਾ ਕਰਨ ਵਿਚ ਮੋਆਬੀਆਂ ਨਾਲ ਰਲ ਗਏ ਸਨ। ਆਰ. ਡੈਨਿਸ ਕੋਲ ਨੇ ਟਿੱਪਣੀ ਕੀਤੀ ਸੀ, "ਯੂਗਾਰੀਟ ਦੀਆਂ ਮੂਲ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਬਆਲ ਸਿਰਜਣਾਤਮਕ ਕੰਮਾਂ ਦਾ ਕਰਿੰਦਾ ਸੀ, ਜਿਸ ਨੇ ਆਪਣੀ ਪਤਨੀ ਅਨਾਥ ਨਾਲ ਮਿਲ ਕੇ ਬੁਰਿਆਈ ਦੀਆਂ ਤਾਕਤਾਂ ਨੂੰ ਹਰਾਇਆ ਸੀ, ਅਰਥਾਤ ਯੱਮੂ (ਸਮੁੰਦਰ), ਮੋਟ (ਮੌਤ) ਅਤੇ ਲੋਟਨ (ਲੀਵੀਆਥਨ, 'ਸਮੁੰਦਰੀ ਜੀਵ') ਨੂੰ।"[1]

ਬਆਲ ਦੇ ਇਕ ਸਥਾਨਕ ਪ੍ਰਗਟੀਕਰਨ ਨੂੰ ਅਕਸਰ ਥਾਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਜਿੱਥੇ ਇਸ ਦੀ ਪੂਜਾ ਕੀਤੀ ਜਾਂਦੀ ਸੀ। ਇਸ ਲਈ, ਅਸੀਂ "ਪਓਰ ਦਾ ਬਆਲ" ਪੜ੍ਹਦੇ ਹਾਂ (ਵੇਖੋ ਗਿਣਤੀ 32:38; 33:7; ਯਹੋਸ਼ੁਆ 11:17; 15:60; ਨਿਆਈਆਂ 3:3; 2 ਸਮੂਏਲ 13:23)। "ਬਆਲ" (בַּעַל, *ਬਾਲ)* ਸ਼ਬਦ ਦਾ ਅਰਥ "ਸੁਆਮੀ" ਹੁੰਦਾ ਹੈ ਅਤੇ ਇਸ ਸੰਦਰਭ

ਵਿਚ ਇਸ ਨੂੰ ਮੋਆਬੀਆਂ ਦੇ ਮੁੱਖ ਦੇਵਤਾ ਕਮੋਸ਼ ਨਾਲ ਜੋੜਿਆ ਜਾ ਸਕਦਾ ਹੈ (21:29)।[2] ਤਾਂ ਵੀ, ਜਦੋਂ ਉਹ "ਪਓਰ ਦੇ ਬਆਲ ਦੇਵ ਨਾਲ ਰਲ ਗਏ," ਇਸਰਾਏਲੀਆਂ ਨੇ ਨਾ ਸਿਰਫ ਇਕ ਦੇਵਤੇ ਦੀ, ਪਰ ਕਈ ਦੇਵਤਿਆਂ ਦੀ ਪੂਜਾ ਕੀਤੀ (25:2)।

ਮੰਨਿਆ ਜਾਂਦਾ ਹੈ ਕਿ ਉਸ ਦਾ ਵਰਖਾ ਅਤੇ ਪੌਦਿਆਂ ਅਤੇ ਪਸ਼ੂਆਂ ਦੇ ਨਾਲ-ਨਾਲ ਲੋਕਾਂ ਤੇ ਕਾਬੂ ਸੀ, ਬਆਲ ਦੀ ਪੂਜਾ ਜਿਨਸੀ ਰੀਤਾਂ ਅਤੇ ਵੇਸਵਗਮਨੀ ਨਾਲ ਕੀਤੀ ਜਾਂਦੀ ਸੀ। ਇਸਰਾਏਲੀ ਮਨੁੱਖ ਨਾ ਸਿਰਫ ਬਆਲ ਦੀ ਪੂਜਾ ਕਰਨ ਵਿਚ, ਪਰ ਉਹ ਜਿਨਸੀ ਰੰਗਰਲੀਆਂ ਮਨਾਉਣ ਵਿਚ ਵੀ ਸ਼ਾਮਲ ਸਨ ਜੋ ਅਜਿਹੀ ਪੂਜਾ ਵਿਚ ਅਕਸਰ ਮਨਾਈਆਂ ਹੁੰਦੀਆਂ ਸਨ। ਇਹੋ ਜਿਹੇ ਕੰਮਾਂ ਵਿਚ, ਨਾਜਾਇਜ਼, ਵਿਭਚਾਰੀ ਆਤਮਿਕ ਸੰਬੰਧ ਜਿਸ ਦੀ ਯਹੋਵਾਹ ਦੀ ਵੱਲੋਂ ਮਨਾਹੀ ਸੀ ਉਨ੍ਹਾਂ ਦੀ ਭਾਗੀਦਾਰੀ ਦੇ ਦੁਆਰਾ, "ਇਸਰਾਏਲ ਪਓਰ ਦੇ ਬਆਲ ਨਾਲ ਰਲ ਗਿਆ।" ਕਈਆਂ ਨੇ ਸੋਚਿਆ ਕਿ ਇਸਰਾਏਲੀ ਮਨੁੱਖਾਂ ਨੇ ਮੋਆਬ ਦੀਆਂ ਓਪਰੀਆਂ ਤੀਵੀਂਆਂ ਨਾਲ ਅਨੁਬੰਧ ਵਿਆਹ ਕਰਵਾ ਲਏ। ਪਰ, ਇਹ ਜ਼ਿਆਦਾ ਸੰਭਵ ਪ੍ਰਤੀਤ ਹੁੰਦਾ ਹੈ ਕਿ ਨਾਜਾਇਜ਼ ਯੌਨ ਸੰਬੰਧਾਂ ਵਿਚ ਵਿਆਹ ਸ਼ਾਮਲ ਨਹੀਂ ਸਨ, ਕਿਉਂਕਿ ਇਸ ਅਧਿਆਇ ਵਿਚ ਦਰਜ ਘਟਨਾ ਸਪੱਸ਼ਟ ਤੌਰ ਤੇ ਥੋੜ੍ਹੇ ਸਮੇਂ ਦੇ ਦੌਰਾਨ ਵਾਪਰੀ ਸੀ। ਸੁਭਾਵਕ ਤੌਰ ਤੇ, ਉਨ੍ਹਾਂ ਦੇ ਅਨੈਤਿਕ ਵਿਹਾਰ ਦੇ ਕਾਰਣ **ਯਹੋਵਾਹ ਦਾ ਕ੍ਰੋਧ ਇਸਰਾਏਲ ਉੱਤੇ ਭੜਕਿਆ**।

**ਆਇਤਾਂ 4, 5.** ਪਰਮੇਸ਼ੁਰ ਨੇ ਆਪਣੇ **ਕ੍ਰੋਧ ਦੇ ਤੱਤ** ਨੂੰ **ਇਸਰਾਏਲ ਤੋਂ ਟਾਲਣ** ਦੇ ਲਈ **ਮੂਸਾ ਨੂੰ ਲੋਕਾਂ ਦੇ ਸਾਰੇ ਮੁਖੀਆਂ ਨੂੰ ਲੈ ਕੇ ਧੁੱਪ ਵਿੱਚ ਟੰਗਣ** ਦੀ ਹਦਾਇਤ ਦਿੱਤੀ ਸੀ। ਫਿਰ **ਮੂਸਾ ਨੇ** ਇਹ ਕੰਮ **ਇਸਰਾਏਲ ਦੇ ਨਿਆਉਂਕਾਰਾਂ** ਨੂੰ ਸੌਂਪ ਦਿੱਤਾ ਸੀ ਇਹ ਕਹਿੰਦੇ ਹੋਏ ਕਿ **ਹਰ ਇੱਕ ਆਪਣੇ ਮਨੁੱਖਾਂ ਨੂੰ ਜਿਹੜੇ ਬਆਲ ਪਓਰ ਨਾਲ ਰਲ ਗਏ ਹਨ ਵੱਢ ਸੁੱਟੋ।** ਅਸਲ ਵਿਚ ਕੀ ਹੋਇਆ ਸੀ। ਦ੍ਰਿਸ਼ ਕੁਝ ਇਸ ਤਰ੍ਹਾਂ ਦਾ ਬਣਿਆ ਹੋਵੇਗਾ:

ਪਹਿਲੀ ਗੱਲ, ਪਰਮੇਸ਼ੁਰ ਨੇ ਮੂਸਾ ਨੂੰ ਯਹੋਵਾਹ ਦੇ "ਕ੍ਰੋਧ ਦਾ ਤੱਤ" "ਟਾਲਣ" ਦੇ ਲਈ "ਮੁਖੀਆਂ" ਨੂੰ ਮਾਰਨ ਦੇ ਲਈ ਆਖਿਆ ਸੀ। ਕੀ ਮੂਸਾ ਦਾ ਹੁਕਮ ਪਰਮੇਸ਼ੁਰ ਦੇ ਹੁਕਮ ਨਾਲੋਂ ਵੱਖਰਾ ਸੀ? ਕੀ ਪਰਮੇਸ਼ੁਰ ਦਾ ਇਰਾਦਾ "ਸਾਰੇ ਮੁਖੀਆਂ" ਨੂੰ ਮਾਰਨਾ ਸੀ, ਜਦ ਕਿ ਮੂਸਾ ਨੇ ਹੁਕਮ ਦਿੱਤਾ ਸੀ ਕਿ ਸਿਰਫ ਦੋਸ਼ੀ ਹੀ ਮਾਰੇ ਜਾਣ? ਇਹ ਕਲਪਨਾ ਕਰਨਾ ਉੱਤਮ ਪ੍ਰਤੀਤ ਹੁੰਦਾ ਹੈ ਕਿ ਮੂਸਾ ਨੇ ਸਹੀ-ਸਹੀ ਵਿਆਖਿਆ ਕੀਤੀ ਸੀ ਅਤੇ ਲੋਕਾਂ ਨੂੰ ਪਰਮੇਸ਼ੁਰ ਦੀ ਇੱਛਾ ਦੱਸੀ ਸੀ।

"ਨਿਆਉਂਕਾਰਾਂ" ਨੂੰ ਮੂਸਾ ਦੇ ਹੁਕਮ ਨੂੰ ਧਿਆਨ ਵਿਚ ਰੱਖਦਿਆਂ, ਪਰਮੇਸ਼ੁਰ ਦਾ ਅਰਥ ਇਹ ਹੋਵੇਗਾ ਕਿ ਮੁਖੀਏ ਜਿਨ੍ਹਾਂ ਨੇ ਬਆਲ ਦੀ ਪੂਜਾ ਵਿਚ ਹਿੱਸਾ ਲਿਆ ਸੀ ਮਾਰੇ ਜਾਣਾ ਸੀ। NASB ਬਾਈਬਲ ਵਿਚ ਉਨ੍ਹਾਂ ਦੇ ਮਾਰਨ ਦੇ ਤਰੀਕੇ ਬਾਰੇ ਨਹੀਂ ਦੱਸਿਆ ਗਿਆ ਹੈ। ਵੱਖ-ਵੱਖ ਅਨੁਵਾਦ ਇਸ ਹਵਾਲੇ ਦਾ ਵੱਖੋ-ਵੱਖਰੇ ਤਰੀਕੇ ਨਾਲ ਅਨੁਵਾਦ ਕਰਦੇ ਹਨ: "ਉਨ੍ਹਾਂ ਨੂੰ ਮਾਰੋ ਅਤੇ ਦਿਨ ਦਿਹਾੜੇ ਯਹੋਵਾਹ ਦੇ ਅੱਗੇ ਬੇਨਕਾਬ ਕਰੋ" (NIV); ਦੋਸ਼ੀਆਂ ਨੂੰ ਯਹੋਵਾਹ ਦੇ ਅੱਗੇ ਧੁੱਪ ਵਿਚ ਟੰਗ ਦਿਓ" (NKJV); "ਦੋਸ਼ੀਆਂ ਨੂੰ ਯਹੋਵਾਹ ਦੇ ਅੱਗੇ ਲੋਕਾਂ ਦੇ ਸਾਹਮਣੇ ਮਾਰੋ" (NAB); "ਸੂਰਜ ਦੇ ਵੱਲ ਉਨ੍ਹਾਂ ਦੇ ਮੂੰਹ ਕਰਕੇ ਉਨ੍ਹਾਂ ਨੂੰ ਸੂਲੀ ਚਾੜ੍ਹੋ" (NJB)। ਸਭ ਤੋਂ ਸੰਭਵ ਵਿਆਖਿਆ ਇਹ ਹੈ ਕਿ ਦੋਸ਼ੀ ਮੁਖੀਆਂ ਨੇ ਮਾਰੇ ਜਾਣਾ ਸੀ ਅਤੇ ਫਿਰ ਉਨ੍ਹਾਂ ਦੀਆਂ ਲੋਥਾਂ ਨੂੰ ਇਹ ਵਿਖਾਉਣ ਦੇ ਲਈ ਲੋਕਾਂ ਦੇ ਸਾਹਮਣੇ ਰੱਖਿਆ ਜਾਣਾ ਸੀ ਕਿ ਜਿਹੜੇ ਪਰਮੇਸ਼ੁਰ ਦੀ ਅਣਆਗਿਆਕਾਰੀ ਕਰਦੇ ਹਨ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ।

ਮੂਸਾ ਨੇ "ਨਿਆਉਂਕਾਰਾਂ" ਨੂੰ ਯਹੋਵਾਹ ਦੇ ਹੁਕਮ ਨੂੰ ਪੂਰਾ ਕਰਨ ਦੇ ਲਈ ਆਖਿਆ।

ਹਰੇਕ ਨੇ ਆਪਣੇ ਮਨੁੱਖਾਂ ਨੂੰ “ਜਿਹੜੇ “ਬਆਲ ਪਓਰ ਨਾਲ ਰਲ ਗਏ ਸਨ” ਵੱਢ ਸੁੱਟਣਾ ਸੀ (ਵੇਖੋ ਕੂਚ 32:26-28)। ਗਿਣਤੀ ਦੀ ਪੁਸਤਕ ਵਿਚ ਇਸ ਹੁਕਮ ਨੂੰ ਪੂਰਾ ਕਰਨ ਦੀ ਕੋਈ ਲਿਖਤ ਨਹੀਂ ਹੈ, ਪਰ ਅਸੀਂ ਕਲਪਨਾ ਕਰਦੇ ਹਾਂ ਕਿ ਇਹ ਹੁਕਮ ਪੂਰਾ ਕਰ ਦਿੱਤਾ ਗਿਆ ਸੀ।

**ਆਇਤਾਂ 6-8.** ਇਕ ਬਵਾ ਸ਼ੁਰੂ ਹੋਈ ਜੋ ਸਾਰੀ ਕੌਮ ਦੇ ਨਾਸ ਦੇ ਲਈ ਇਕ ਖ਼ਤਰਾ ਬਣ ਗਈ। ਅਗਲੀ ਘਟਨਾ ਹੈਰਾਨ ਕਰ ਦੇਣ ਵਾਲੀ ਹੈ। ਸਗੋਂ ਉਸ ਸਮੇਂ ਜਦੋਂ ਲੋਕ ਸੋਗ ਕਰ ਰਹੇ ਅਤੇ **ਰੋ ਰਹੇ ਸਨ** - ਦੋਵੇਂ ਇਸ ਕਾਰਣ ਕਿਉਂਕਿ ਉਹ ਪਰਮੇਸ਼ੁਰ ਦੇ ਕ੍ਰੋਧ ਤੋਂ ਜਾਣੂ ਸਨ ਅਤੇ ਬਵਾ ਦੇ ਕਾਰਣ ਜਿਹੜੀ ਡੇਰੇ ਵਿਚ ਆ ਰਹੀ ਸੀ - ਇਸਰਾਏਲੀ ਮਨੁੱਖ **ਮੂਸਾ ਦੇ ਵੇਖਦਿਆਂ ਅਤੇ ਸਾਰੀ ਮੰਡਲੀ ਦੇ ਵੇਖਦਿਆਂ** ਆਪਣੇ ਨਾਲ ਆਪਣੀ **ਮਿਦਯਾਨੀ** ਤੀਵੀਂ ਨੂੰ ਲੈ ਕੇ ਤੰਬੂ ਦੇ ਵਿੱਚੋਂ ਦੀ ਲੰਘਿਆ। ਉਹ ਇਕ **ਤੰਬੂ** (הַקֻּבָּ, *ਕੁਬਾਹ)* ਦੇ ਵਿਚ ਗਿਆ ਅਤੇ ਵਿਭਚਾਰ ਕਰਨਾ ਸ਼ੁਰੂ ਕਰ ਦਿੱਤਾ।

*ਕੁਬਾਹ* ਸ਼ਬਦ ਪੁਰਾਣੇ ਨੇਮ ਵਿਚ ਸਿਰਫ 25:8 ਵਿਚ ਆਉਂਦਾ ਹੈ ਅਤੇ ਇਸ ਨੂੰ ਪਰਿਭਾਸ਼ਿਤ ਕਰਨਾ ਮੁਸ਼ਕਲ ਬਣਾ ਦਿੰਦਾ ਹੈ। ਕਈ ਸੰਭਾਵਨਾਵਾਂ ਦਿੱਤੀਆਂ ਜਾ ਚੁੱਕੀਆਂ ਹਨ: (1) ਇਕ ਸੰਭਾਵਨਾ ਇਹ ਹੈ ਕਿ ਇਹ ਸ਼ਬਦ ਡੇਰੇ ਦਾ ਹਵਾਲਾ ਦਿੰਦਾ ਹੈ, ਪਰ ਇਹ ਸੰਭਵ ਨਹੀਂ ਹੈ। 25:6 ਵਿਚ ਜ਼ਿਕਰ ਕੀਤੇ ਗਏ **ਮੰਡਲੀ ਦੇ ਤੰਬੂ** ਅਤੇ ਤੰਬੂ ਦੇ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ אֹהֶל *(’ਓਹੇਲ)* ਹੈ। (2) ਇਕ ਹੋਰ ਪ੍ਰਸਤਾਵ ਇਹ ਹੈ ਕਿ ਇਸਰਾਏਲੀ ਮਨੁੱਖ ਨੇ ਉਸ ਕਿਸਮ ਦੀ ਵੇਸਵਾਗਮਨੀ ਨੂੰ ਸ਼ੁਰੂ ਕਰਨ ਦੇ ਲਈ ਜੋ ਉਸ ਨੇ ਮੋਆਬ ਵਿਚ ਵੇਖੀ ਸੀ ਤੰਬੂ ਦੇ ਦਰਵੱਜੇ ਕੋਲ ਤੰਬੂ ਲਾਇਆ ਸੀ। ਇਸ ਤਰੀਕੇ ਨਾਲ, “ਮਨੁੱਖ ਅਤੇ ਉਸ ਦੀ ਪੁਜਾਰੀ ਸਾਥਣ ਹੁਣ ਯਹੋਵਾਹ ਦੀ ਬੰਦਗੀ ਨੂੰ ਇਕ ਕਿਸਮ ਦੇ ਯੌਨ ਸੰਸਕਾਰਾਂ ਵਿਚ ਬਦਲਣ ਦਾ ਕੰਮ ਕਰਨ ਵਾਲੇ ਸਨ ਜੋ ਕਨਾਨ ਦੀ ਵਿਧੀ ਸੀ।”[3] (3) ਜਦ ਕਿ ਇਸ ਉਪਰੇ ਸੰਬੰਧ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, *ਕੁਬਾਹ* ਸ਼ਬਦ “ਪਰਿਵਾਰ ਦੇ ਤੰਬੂ ਦੇ ਸਭ ਤੋਂ ਅੰਦਰਲੇ ਹਿੱਸੇ” ਦਾ ਹਵਾਲਾ ਦੇ ਸਕਦਾ ਹੈ।[4] ਇਸ ਸਮਝ ਦਾ ਸਮਰਥਨ ਇਸ ਤੱਥ ਦੁਆਰਾ ਕੀਤਾ ਜਾਂਦਾ ਹੈ ਕਿ ਇਸਰਾਏਲੀ ਮਨੁੱਖ **ਆਪਣੇ ਭਰਾਵਾਂ ਲਈ** [ਤੀਵੀਂ ਨੂੰ] **ਲੈ ਆਇਆ**।

**ਹਾਰੂਨ ਜਾਜਕ ਦੇ ਪੋਤੇ ਅਲਆਜ਼ਾਰ ਦੇ ਪੁੱਤ੍ਰ ਫ਼ੀਨਹਾਸ** ਨੂੰ ਇਹ ਵੇਖ ਕੇ ਕ੍ਰੋਧ ਆ ਗਿਆ। ਧਰਮੀ ਨਿਆਉਂ ਵਿਚ, ਉਹ ਤੰਬੂ ਵਿਚ ਉਸ ਮਨੁੱਖ ਦੇ ਪਿੱਛੇ ਗਿਆ ਅਤੇ ਆਪਣਾ **ਨੇਜ਼ਾ** ਲਿਆ ਅਤੇ ਮਨੁੱਖ ਅਤੇ ਤੀਵੀਂ ਦੋਹਾਂ ਨੂੰ ਵਿੰਨ੍ਹ ਕੇ ਉੱਥੇ ਹੀ ਮਾਰ ਸੁੱਟਿਆ। ਕਿਉਂਕਿ ਫ਼ੀਨਹਾਸ ਦੇ ਨੇਜ਼ੇ ਨਾਲ ਕੀਤੇ ਗਏ ਇੱਕੋ ਹਮਲੇ ਨੇ **ਦੋਹਾਂ ਨੂੰ … ਵਿੰਨ੍ਹ ਸੁੱਟਿਆ**, ਉਹ ਜੋੜਾ ਸਪੱਸ਼ਟ ਤੌਰ ਤੇ ਉਸ ਸਮੇਂ ਸੰਭੋਗ ਕਰਨ ਵਿਚ ਲੱਗਾ ਹੋਇਆ ਸੀ। ਪਰਮੇਸ਼ੁਰ ਦਾ ਕ੍ਰੋਧ ਸ਼ਾਂਤ ਹੋ ਗਿਆ ਅਤੇ **ਬਵਾ ਰੁਕ ਗਈ**।

ਇਸਰਾਏਲ ਦੇ ਇਤਹਾਸ ਵਿਚ ਇਸ ਘਟਨਾ ਦੀ ਮਹੱਤਤਾ ਨੂੰ ਤਿੰਨ ਪੜਾਵਾਂ ਵਿਚ ਵੇਖਿਆ ਜਾ ਸਕਦਾ ਹੈ: ਇਸਰਾਏਲੀਆਂ ਦੀ ਪਾਪ ਭਰੀ ਕਾਰਵਾਈ, ਇਕ ਜਾਜਕ ਦੀ ਨਿਰਣਾਇਕ ਪ੍ਰਤੀਕਿਰਿਆ ਅਤੇ ਪਰਮੇਸ਼ੁਰ ਦਾ ਧਰਮੀ ਨਿਆਉਂ।

ਇਸ ਮੌਕੇ ਇਸਰਾਏਲੀਆਂ ਨੇ ਇਕ ਵੱਡਾ ਪਾਪ ਕੀਤਾ ਸੀ। ਪਹਿਲਾਂ, ਉਜਾੜ ਵਿਚ, ਪਰਜਾ ਬੁੜ ਬੁੜਾਈ ਸੀ ਅਤੇ ਇਸ ਨੇ ਬੇਪਰਤੀਤੀ ਵਿਖਾਈ। ਇੱਥੇ, ਸੋਨੇ ਦੇ ਵੱਛੇ ਦੀ ਘਟਨਾ ਤੋਂ ਲੈ ਕੇ ਹੁਣ ਤੱਕ ਪਹਿਲੀ ਵਾਰ, ਮਨੁੱਖ ਇੱਕੋ ਸੱਚੇ ਪਰਮੇਸ਼ੁਰ ਦੀ ਬੰਦਗੀ ਕਰਨ ਤੋਂ ਕਿਸੇ ਹੋਰ ਦੇਵਤੇ ਦੀ ਪੂਜਾ ਕਰਨ ਵੱਲ ਮੁੜ ਗਏ ਅਤੇ ਉਨ੍ਹਾਂ ਨੇ ਦਸ ਹੁਕਮਾਂ ਵਿੱਚੋਂ ਪਹਿਲੇ ਹੁਕਮ

(ਨਾਲੇ ਸਤਵੇਂ ਹੁਕਮ) ਨੂੰ ਤੋੜ ਦਿੱਤਾ। ਗੰਭੀਰ ਪਾਪ ਨੇ ਪੂਰੀ ਕੌਮ ਨੂੰ ਭ੍ਰਿਸ਼ਟ ਕਰ ਦਿੱਤਾ ਅਤੇ ਦੋਸ਼ੀ ਠਹਿਰਾਇਆ।

ਅਜਿਹੇ ਪਾਪ ਦੀ ਸਜ਼ਾ ਮੌਤ ਸੀ। ਪੂਰੇ ਸਮਾਜ ਨੂੰ ਬਰਬਾਦ ਹੋਣ ਤੋਂ ਰੋਕਣ ਦੇ ਲਈ, ਪਰਮੇਸ਼ੁਰ ਨੇ ਪਰਾਸਚਿਤ ਬਲੀ ਦਾ ਪ੍ਰਬੰਧ ਕੀਤਾ: ਜੇਕਰ ਮੁਖੀਆਂ ਨੂੰ ਮਾਰ ਦਿੱਤਾ ਜਾਂਦਾ, ਤਾਂ ਪਰਮੇਸ਼ੁਰ ਦਾ ਕ੍ਰੋਧ ਟਲ ਜਾਣਾ ਸੀ (25:3-5)। ਇਸ ਤੋਂ ਇਲਾਵਾ, ਉਸ ਨੇ ਲੋਕਾਂ ਤੇ ਇਕ ਬਵਾ ਘੱਲੀ, ਜਿਵੇਂ ਉਸ ਨੇ ਕਈ ਹੋਰ ਮੌਕਿਆਂ ਤੇ ਕੀਤਾ ਸੀ (ਵੇਖੋ ਕੂਚ 32:35; ਗਿਣਤੀ 14:37)।

ਇਸ ਮੌਕੇ ਤੇ, ਫ਼ੀਨਹਾਸ ਦੇ ਦਖ਼ਲ ਦਿੱਤਾ। ਧਰਮੀ ਕ੍ਰੋਧ ਵਿਚ, ਉਸ ਨੇ ਇਸਰਾਏਲੀ ਮਨੁੱਖ ਅਤੇ ਮਿਦਯਾਨੀ ਤੀਵੀਂ ਨੂੰ ਵਿੰਨ੍ਹ ਸੁੱਟਿਆ ਜਿਹੜੇ ਡੇਰੇ ਦੇ ਅੰਦਰ ਨਾਜਾਇਜ਼ ਸੰਬੰਧ ਬਣਾ ਰਹੇ ਸਨ (25:7, 8)।

ਇਸ ਜੋੜੇ ਦੇ ਵਿਹਾਰ ਨੇ ਫ਼ੀਨਹਾਸ ਨੂੰ ਇੰਨਾ ਕ੍ਰੋਧਿਤ ਕਿਉਂ ਕਰ ਦਿੱਤਾ ਸੀ? ਇਸ ਦੇ ਕਈ ਕਾਰਣ ਦਿੱਤੇ ਜਾ ਸਕਦੇ ਹਨ: (1) ਪਾਪ ਡੇਰੇ ਦੇ ਅੰਦਰ ਕੀਤਾ ਗਿਆ ਸੀ; ਸ਼ਾਇਦ ਹੋਰ ਇਸਰਾਏਲੀ ਮਨੁੱਖਾਂ ਨੇ ਮਿਦਯਾਨੀ ਔਰਤਾਂ ਨਾਲ ਹੋਰ ਕਿਤੇ ਵਿਭਚਾਰ ਕੀਤਾ ਸੀ, ਪਰ ਇਸਰਾਏਲ ਦੇ ਪਵਿੱਤਰ ਡੇਰੇ ਵਿਚ ਨਹੀਂ। (2) ਪਾਪ ਉਸ ਸਮੇਂ ਕੀਤਾ ਗਿਆ ਸੀ ਜਦੋਂ ਇਸਰਾਏਲੀ ਆਪਣੇ ਪਾਪਾਂ ਅਤੇ ਉਨ੍ਹਾਂ ਪਾਪਾਂ ਦੀ ਸਜ਼ਾ ਦੇ ਕਾਰਣ ਸੋਗ ਕਰ ਰਹੇ ਸਨ। (3) ਪਾਪ ਸ਼ਰੇਆਮ ਕੀਤਾ ਗਿਆ ਸੀ; ਇਸ ਨੂੰ ਲੁਕਾਉਣ ਦੀ ਕੋਈ ਵੀ ਕੋਸ਼ਿਸ਼ ਨਹੀਂ ਸੀ ਕੀਤੀ ਗਈ। ਇਸਰਾਏਲੀ ਮਨੁੱਖ ਮੂਸਾ, ਇਸਰਾਏਲ ਅਤੇ ਪਰਮੇਸ਼ੁਰ ਦੇ ਖੁੱਲ੍ਹੇ ਆਮ ਤ੍ਰਿਸਕਾਰ ਕਰ ਰਹੇ ਸਨ ਅਤੇ ਅਸਲ ਵਿਚ ਇਸ ਦੇ ਬਾਰੇ ਕੁਝ ਕਰਨ ਦੀ ਹਿੰਮਤ ਕਰ ਰਹੇ ਸਨ। (4) ਪਾਪ ਨੇ ਪਰਮੇਸ਼ੁਰ ਦੇ ਪਰਗਟ ਕੀਤੇ ਧਰਮ ਦੇ ਸੁਭਾਅ ਨੂੰ ਬਦਲਣ ਅਤੇ ਭ੍ਰਿਸ਼ਟ ਕਰਨ ਦੀ ਧਮਕੀ ਦਿੱਤੀ ਸੀ। ਹਰਾਮਕਾਰੀ ਓਪਰੇ ਦਿਓਤਿਆਂ ਦੀ ਪੂਜਾ ਨਾਲ ਸੰਬੰਧਤ ਸੀ।

ਕਿਉਂਕਿ ਪਰਮੇਸ਼ੁਰ ਨੇ ਫ਼ੀਨਹਾਸ ਦੀ ਅਣਖ ਨੂੰ ਪ੍ਰਵਾਨਗੀ ਦੇ ਦਿੱਤੀ, ਪਰਮੇਸ਼ੁਰ ਨੇ ਦੋਸ਼ੀ ਜੋੜੇ ਦੀ ਮੌਤ ਨੂੰ ਇਸਰਾਏਲ ਦੇ ਪਾਪ ਦੇ ਲਈ ਪਰਾਸਚਿਤ ਦੇ ਰੂਪ ਵਿਚ ਸਵੀਕਾਰ ਕੀਤਾ ਅਤੇ ਇਸ ਲਈ ਉਸ ਬਵਾ ਨੂੰ ਰੋਕ ਦਿੱਤਾ ਜਿਹੜੀ ਇਸਰਾਏਲ ਦੀ ਪਰਜਾ ਨੂੰ ਤਬਾਹ ਕਰ ਰਹੀ ਸੀ (25:8, 9)। ਪਰਮੇਸ਼ੁਰ ਨੇ ਇਸ ਕਾਰਜ ਨੂੰ ਉਸੇ ਤਰੀਕੇ ਨਾਲ ਸਵੀਕਾਰ ਕੀਤਾ ਹੋਵੇਗਾ ਜਿਵੇਂ ਉਸ ਨੇ ਪਾਪ ਦੇ ਲਈ ਪਰਾਸਚਿਤ ਦੇ ਤੌਰ ਤੇ ਪਸ਼ੂਆਂ ਦੀਆਂ ਬਲੀਆਂ ਨੂੰ ਸਵੀਕਾਰ ਕੀਤਾ ਸੀ (ਵੇਖੋ ਲੇਵੀਆਂ 17:11)।

## ਨਤੀਜਾ (25:9-18)

**9ਜਿਹੜੇ ਉਸ ਬਵਾ ਨਾਲ ਮਰੇ ਓਹ ਚੌਵੀ ਹਜ਼ਾਰ ਸਨ। 10ਫੇਰ ਯਹੋਵਾਹ ਮੂਸਾ ਨੂੰ**
**ਬੋਲਿਆ, 11ਹਾਰੂਨ ਜਾਜਕ ਦੇ ਪੋਤੇ ਅਲਆਜ਼ਾਰ ਦੇ ਪੁੱਤ੍ਰ ਫ਼ੀਨਹਾਸ ਨੇ ਮੇਰੇ ਕ੍ਰੋਧ ਨੂੰ**
**ਇਸਰਾਏਲੀਆਂ ਤੋਂ ਟਾਲ ਦਿੱਤਾ ਹੈ। ਜਦ ਓਹ ਉਨ੍ਹਾਂ ਵਿੱਚ ਮੇਰੀ ਅਣਖ ਨਾਲ ਅਣਖੀ**
**ਹੋਇਆ ਤਾਂ ਹੀ ਮੈਂ ਇਸਰਾਏਲੀਆਂ ਦਾ ਆਪਣੀ ਅਣਖ ਨਾਲ ਅੰਤ ਨਹੀਂ ਕੀਤਾ। 12ਏਸ ਲਈ**
**ਆਖ, ਕਿ ਵੇਖ, ਮੈਂ ਉਹ ਨੂੰ ਆਪਣੀ ਸ਼ਾਂਤੀ ਦਾ ਨੇਮ ਦਿੰਦਾ ਹਾਂ। 13ਅਤੇ ਉਹ ਉਸ ਲਈ ਅਤੇ**
**ਉਸ ਦੇ ਪਿੱਛੋਂ ਉਸ ਦੀ ਅੰਸ ਲਈ ਸਦਾ ਸੀ ਜਾਜਕਾਈ ਦਾ ਨੇਮ ਹੋਵੇਗਾ ਕਿਉਂ ਜੋ ਉਹ**
**ਆਪਣੇ ਪਰਮੇਸ਼ੁਰ ਲਈ ਅਣਖੀ ਹੋਇਆ ਅਤੇ ਇਸਰਾਏਲੀਆਂ ਲਈ ਪਰਾਸਚਿਤ ਕੀਤਾ।**
**14ਉਸ ਇਸਰਾਏਲੀ ਮਨੁੱਖ ਦਾ ਨਾਉਂ ਜ਼ਿਮਰੀ ਸੀ ਜੋ ਮਿਦਯਾਨੀ ਤੀਵੀਂ ਨਾਲ ਮਾਰਿਆ**
**ਗਿਆ। ਉਹ ਸ਼ਿਮਓਨੀਆਂ ਵਿੱਚੋਂ ਆਪਣੇ ਪਿਤਾ ਦੇ ਘਰਾਣੇ ਦਾ ਪਰਧਾਨ ਸਾਲੂ ਦਾ ਪੁੱਤ੍ਰ**
**ਸੀ। 15ਅਤੇ ਉਸ ਮਿਦਯਾਨੀ ਤੀਵੀਂ ਦਾ ਨਾਉਂ ਜਿਹੜੀ ਮਾਰੀ ਗਈ ਸੂਰ ਦੀ ਧੀ ਕਾਜ਼ਬੀ**

**ਸੀ, ਅਤੇ ਉਹ ਆਪਣੇ ਪਿਤਾ ਦੇ ਘਰਾਣੇ ਵਿੱਚ ਮਿਦਯਾਨ ਦੇ ਲੋਕਾਂ ਦਾ ਮੁਖੀਆ ਸੀ। [16]ਉਪਰੰਤ ਯਹੋਵਾਹ ਮੂਸਾ ਨੂੰ ਬੋਲਿਆ, [17]ਮਿਦਯਾਨੀਆਂ ਨੂੰ ਸਤਾਓ ਅਤੇ ਉਨ੍ਹਾਂ ਨੂੰ ਮਾਰੋ। [18]ਕਿਉਂ ਜੋ ਓਹ ਤੁਹਾਨੂੰ ਆਪਣਿਆਂ ਛਲਾਂ ਨਾਲ ਸਤਾਉਂਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਨੇ ਤੁਹਾਨੂੰ ਛਲਿਆ ਜਿਵੇਂ ਪਓਰ ਦੀ ਗੱਲ ਵਿੱਚ ਅਤੇ ਉਨ੍ਹਾਂ ਦੀ ਭੈਣ ਮਿਦਯਾਨ ਪਰਧਾਨ ਦੀ ਧੀ ਕਾਜ਼ਬੀ ਦੀ ਗੱਲ ਵਿੱਚ ਜਿਹੜੀ ਬਵਾ ਦੇ ਦਿਨ ਪਓਰ ਦੀ ਗੱਲ ਦੇ ਕਾਰਨ ਮਾਰੀ ਗਈ।**

**ਆਇਤ 9.** ਇਸ ਤੋਂ ਪਹਿਲਾਂ ਕਿ ਫ਼ੀਨਹਾਸ ਨੇ ਕੋਈ ਨਿਰਣਾਇਕ ਕਾਰਵਾਈ ਕੀਤੀ, ਬਵਾ ਨੇ **ਚੌਵੀ ਹਜ਼ਾਰ** ਲੋਕਾਂ ਨੂੰ ਮਾਰ ਦਿੱਤਾ ਸੀ। ਮੂਰਤੀ ਪੂਜਾ ਦੀ ਇਸ ਘਟਨਾ ਦੀ ਸਜ਼ਾ 24,000 ਲੋਕਾਂ ਦੀ ਮੌਤ ਤੋਂ ਇਲਾਵਾ ਲੋਕਾਂ ਦੇ ਸਾਰੇ ਮੁਖੀਆਂ ਅਤੇ ਦੋਸ਼ੀ ਜੋੜੇ ਨੂੰ ਵੀ ਮਿਲੀ ਸੀ ਜਿਨ੍ਹਾਂ ਦਾ ਵਰਣਨ ਅਧਿਆਇ ਦੇ ਪਹਿਲੇ ਅੱਧ ਵਿਚ ਕੀਤਾ ਗਿਆ ਸੀ।

**ਆਇਤਾਂ 10, 11.** ਪਰਮੇਸ਼ੁਰ ਨੇ ਮੂਸਾ ਨੂੰ ਆਖਿਆ, ... **ਫ਼ੀਨਹਾਸ ਨੇ ਮੇਰੇ ਕ੍ਰੋਧ ਨੂੰ ਇਸਰਾਏਲੀਆਂ ਤੋਂ ਟਾਲ ਦਿੱਤਾ ਹੈ ... ਮੈਂ ਇਸਰਾਏਲੀਆਂ ਦਾ ਆਪਣੀ ਅਣਖ ਨਾਲ ਅੰਤ ਨਹੀਂ ਕੀਤਾ।** ਫ਼ੀਨਹਾਸ ਦੀ ਪ੍ਰਤੀਕਿਰਿਆ ਸ਼ਲਾਘਾਯੋਗ ਸੀ ਕਿਉਂਕਿ ਇਹ ਇਸਰਾਏਲ ਦੀ ਆਤਮਿਕ ਜ਼ਨਾਹਕਾਰੀ ਬਾਰੇ ਪਰਮੇਸ਼ੁਰ ਦੇ ਵਿਚਾਰ ਨੂੰ ਦਰਸਾਉਂਸੀ ਸੀ। ਪਰਮੇਸ਼ੁਰ ਨੇ ਆਖਿਆ, **ਉਹ ਮੇਰੀ ਅਣਖ ਨਾਲ ਅਣਖੀ ਹੋਇਆ।** ਜਿਵੇਂ ਵੇਅਨ ਗਰੂਡੇਮ ਨੇ ਕਿਹਾ ਹੈ, "ਪਰਮੇਸ਼ੁਰ ਦੀ ਅਣਖ ਦਾ ਅਰਥ ਹੈ ਕਿ ਪਰਮੇਸ਼ੁਰ ਲਗਾਤਾਰ ਉਸ ਦੀ ਆਪਣੀ ਇੱਜ਼ਤ ਦੀ ਰੱਖਿਆ ਕਰਨਾ ਭਾਲਦਾ ਹੈ।"[5] ਇਸਰਾਏਲੀ ਉਸ ਦੀ ਪਰਜਾ, ਉਸ ਦੀ "ਲਾੜੀ" ਸਨ ਅਤੇ ਉਨ੍ਹਾਂ ਨੇ ਕਿਸੇ ਦੂਜੇ ਦੇਵਤਾ ਦਾ ਆਦਰ ਜਾਂ ਪੂਜਾ ਨਹੀਂ ਸੀ ਕਰਨੀ ਜਾਂ ਉਸ ਦੇ ਨਾਲ ਨਹੀਂ ਸੀ ਰਲਣਾ। ਉਹ ਜਿਹੜਾ ਪਰਮੇਸ਼ੁਰ ਦੀ ਅਣਖ ਵਿਚ ਸਾਂਝੀ ਹੁੰਦਾ ਹੈ ਉਸ ਦੇ ਇਸ ਦ੍ਰਿੜ੍ਹ ਸੰਕਲਪ ਵਿਚ ਸਾਂਝੀ ਹੁੰਦਾ ਹੈ ਕਿ ਸਿਰਫ ਉਸ ਇਕੱਲੇ ਦੀ ਬੰਦਗੀ ਅਤੇ ਆਗਿਆ ਦੀ ਪਾਲਣਾ ਹੋਣੀ ਚਾਹੀਦੀ ਹੈ। ਕੋਈ ਵੀ ਵਿਅਕਤੀ ਜਿਹੜਾ ਇਸ ਗੱਲ ਦਾ ਵਿਰੋਧ ਕਰਦਾ ਹੈ ਕਿ ਇਸਰਾਏਲੀ ਮਨੁੱਖ ਦੇ ਪਾਪ ਦੇ ਲਈ ਇਹ ਸਜ਼ਾ ਬਹੁਤ ਜ਼ਿਆਦਾ ਕਠੋਰ ਹੈ ਉਸ ਨੂੰ ਇਹ ਚੇਤੇ ਕਰਾਇਆ ਜਾਣਾ ਚਾਹੀਦਾ ਹੈ ਕਿ ਬਿਵਸਥਾ ਦੇ ਅਨੁਸਾਰ, ਮੂਰਤੀ ਪੂਜਾ ਅਤੇ ਜ਼ਨਾਹਕਾਰੀ ਦੋਹਾਂ ਦੇ ਲਈ ਮੌਤ ਦੀ ਸਜ਼ਾ ਸੀ (ਕੂਚ 22:20; ਲੇਵੀਆਂ 20:10; ਬਿਵਸਥਾ ਸਾਰ 22:22-24)। ਯਹੋਵਾਹ ਦੀ "ਅਣਖ" ਉਸ ਨੂੰ ਆਪਣੀ ਲਾੜੀ ਨੂੰ ਕਿਸੇ ਹੋਰ ਦੇਵਤੇ ਨਾਲ ਸਾਂਝੀ ਕਰਨ ਦੀ ਮਨਜ਼ੂਰੀ ਨਹੀਂ ਦੇਵੇਗੀ। ਮੂਸਾ ਦੀ ਸ਼ਰਾ ਅਧੀਨ, ਇਸਰਾਏਲ ਦੇ ਧਰਮ ਅਤੇ "ਰਾਜ" (ਇਸਰਾਏਲ ਦੇ ਰਾਜ) ਵਿਚਕਾਰ ਕੋਈ ਵਿਤਕਰਾ ਨਹੀਂ ਸੀ ਕੀਤਾ ਗਿਆ। ਇਸ ਲਈ, ਫ਼ੀਨਹਾਸ ਉਸ ਜੋੜੇ ਨੂੰ ਮੌਤ ਦੀ ਸਜ਼ਾ ਦੇ ਰਿਹਾ ਸੀ ਜਿਸ ਦੇ ਉਹ ਹੱਕਦਾਰ ਸਨ। ਇਸ ਨੇ "ਇਸਰਾਏਲੀਆਂ ਲਈ ਪਰਾਸਚਿਤ ਕੀਤਾ" (25:13)।[6]

**ਆਇਤਾਂ 12, 13.** ਦੋਸ਼ੀ ਜੋੜੇ ਨੂੰ ਮਾਰਨ ਦੇ ਲਈ ਫ਼ੀਨਹਾਸ ਨੂੰ ਦਿੱਤੀ ਗਈ ਪਰਮੇਸ਼ੁਰ ਦੀ ਪ੍ਰਵਾਨਗੀ ਪਰਮੇਸ਼ੁਰ ਨੂੰ ਫ਼ੀਨਹਾਸ ਨੂੰ **ਸ਼ਾਂਤੀ ਦਾ ਨੇਮ, ਸਦਾ ਦੀ ਜਾਜਕਾਈ ਦਾ ਨੇਮ** ਦੇਣ ਦੀ ਵੱਲ ਲੈ ਗਈ ਜਿਹੜਾ **ਉਸ ਅਤੇ ਉਸ ਦੇ ਪਿੱਛੋਂ ਉਸ ਦੀ ਅੰਸ** ਤੇ ਲਾਗੂ ਹੁੰਦਾ ਸੀ। ਸ਼ਾਇਦ "ਸਦਾ ਦੀ ਜਾਜਕਾਈ ਦਾ ਨੇਮ" ਇਸ ਗੱਲ ਵਿਚ "ਸ਼ਾਂਤੀ ਦਾ ਨੇਮ" ਸੀ ਕਿ ਇਹ ਉਸ "ਸ਼ਾਂਤੀ" ਦਾ ਪ੍ਰਤੀਕ ਸੀ ਜੋ ਫ਼ੀਨਹਾਸ ਅਤੇ ਪਰਮੇਸ਼ੁਰ ਵਿਚਕਾਰ ਸੀ। ਉਸ "ਸ਼ਾਂਤੀ ਦੇ ਨੇਮ" ਦੀ ਤੁਲਨਾ ਉਸ ਨੇਮ ਨਾਲ ਕੀਤੀ ਜਾ ਸਕਦੀ ਹੈ ਜਿਸ ਨੂੰ ਅਸੀਂ "ਯੁੱਧ ਦਾ ਨੇਮ" ਕਹਿ ਸਕਦੇ ਹਾਂ ਜਿਸ ਦੀ ਘੋਸ਼ਣਾ ਅਗਲੀਆਂ ਕੁਝ ਆਇਤਾਂ ਵਿਚ ਪਰਮੇਸ਼ੁਰ ਦੁਆਰਾ ਮਿਦਯਾਨ ਦੇ ਵਿਰੁੱਧ ਕੀਤੀ ਗਈ ਸੀ। ਸੀ. ਐਫ. ਕੀਲ ਅਤੇ ਐਫ. ਡੈਲਿਟਜ਼ਸਚ ਨੇ ਸੋਚਿਆ ਸੀ ਕਿ ਪਰਧਾਨ ਜਾਜਕ ਦੇ ਰੂਪ ਵਿਚ ਫ਼ੀਨਹਾਸ ਦੀ ਨਿਯੁਕਤੀ ਇਸ ਨੇਮ ਦੀ ਪੂਰਤੀ ਸੀ:

ਪਰਧਾਨ-ਜਾਜਕਾਈ ਜਿਹੜੀ ਅਲਆਜ਼ਾਰ ਤੋਂ ਫ਼ੀਨਹਾਸ ਨੂੰ ਮਿਲੀ ਸੀ [ਨਿਆਈਆਂ 20:28] ਉਸ ਦੇ ਟੱਬਰ ਵਿਚ, ਏਲੀ ਦੇ ਦਿਨਾਂ ਵਿਚ ਆਈ ਥੋੜ੍ਹੀ ਜਿਹੀ ਰੁਕਾਵਟ ਨੂੰ ਛੱਡ ਕੇ [ਵੇਖੋ 1 ਸਮੂਏਲ 1-3; 14:3], ਹੇਰੋਦੇਸ ਅਤੇ ਉਸ ਦੇ ਉਤਰਾਧਿਕਾਰੀਆਂ ਦੇ ਜ਼ੁਲਮ ਦੇ ਰਾਹੀਂ ਯਹੂਦੀ ਰਾਜ ਦੇ ਆਖ਼ਰੀ ਵਾਰ ਹੌਲੀ-ਹੌਲੀ ਭੰਗ ਹੋਣ ਦੇ ਸਮੇਂ ਤੱਕ ਅੱਗੇ ਵੀ ਜਾਰੀ ਰਹੀ।[7]

ਗਿਣਤੀ 25 ਵਿਚ ਇਸਰਾਏਲ ਦੇ ਪਾਪ ਅਤੇ ਕੂਚ 32 ਵਿਚ ਦਰਜ ਸੋਨੇ ਦੇ ਵੱਛੇ ਨੂੰ ਬਣਾਉਣ ਅਤੇ ਉਸ ਦੀ ਪੂਜਾ ਕਰਨ ਦੇ ਪਾਪ ਵਿਚਕਾਰ ਸਮਾਨਤਾਵਾਂ ਸਪੱਸ਼ਟ ਹਨ। ਕੂਚ ਦੀ ਕਹਾਣੀ ਵਿਚ, "ਜਦ ਪਰਮੇਸ਼ੁਰ ਅਤੇ ਮੂਸਾ ਇਕ ਨੇਮ ਸਥਾਪਤ ਕਰਦੇ ਹਨ, ਲੋਕ ਕੁਰਾਹੇ ਪੈ ਜਾਂਦੇ ਹਨ" ਅਤੇ ਗਿਣਤੀ 25 ਵਿਚ, "ਜਦ ਪਰਮੇਸ਼ੁਰ ਬਿਲਆਮ ਦੁਆਰਾ ਇਸਰਾਏਲ ਦੀ ਬਰਕਤ ਦੇ ਲਈ ਲੜਦਾ ਹੈ, ਲੋਕ ਕੁਰਾਹੇ ਪੈ ਜਾਂਦੇ ਹਨ।"[8] ਦੋਵੇਂ ਘਟਨਾਵਾਂ ਵਿਚ, ਪਰਮੇਸ਼ੁਰ ਨੇ ਝੱਟ ਉਨ੍ਹਾਂ ਨੂੰ ਮਾਰ ਸੁੱਟਿਆ ਜਿਹੜੇ ਦੂਜੇ ਦੇਵਤਿਆਂ ਦੀ ਪੂਜਾ ਕਰਨ ਦੇ ਦੋਸ਼ੀ ਪਾਏ ਗਏ ਸਨ ਅਤੇ ਉਨ੍ਹਾਂ ਦਾ ਆਦਰ ਕੀਤਾ ਜਿਹੜੇ ਮੂਰਤੀ ਪੂਜਾ ਦੇ ਵਿਰੁੱਧ ਖੜ੍ਹੇ ਹੋਏ ਸਨ (ਕੂਚ 32:26-28; ਗਿਣਤੀ 25:7, 8)। ਪਹਿਲੀ ਵਾਰ, ਉਸ ਨੇ ਵਿਸ਼ੇਸ਼ ਸੇਵਾ ਟਹਿਲ ਦੇ ਲਈ ਲੇਵੀ ਦੇ ਗੋਤ ਨੂੰ ਵੱਖਰਾ ਕੀਤਾ ਸੀ ਅਤੇ ਦੂਜੀ ਘਟਨਾ ਦੇ ਬਾਅਦ, ਉਸ ਨੇ ਫ਼ੀਨਹਾਸ ਨੂੰ ਸਦਾ ਦੀ ਜਾਜਕਾਈ ਦਾ ਵਾਅਦਾ ਦਿੱਤਾ ਸੀ (ਕੂਚ 32:29; ਗਿਣਤੀ 25:11-13)।[9]

**ਆਇਤਾਂ 14, 15.** ਲੇਖਕ ਨੇ ਉਨ੍ਹਾਂ ਦੋਵਾਂ ਦੇ ਨਾਮ ਅਤੇ ਪਰਿਵਾਰਕ ਸੰਬੰਧ ਦੱਸੇ ਜਿਹੜੇ ਉਨ੍ਹਾਂ ਦੇ ਪਾਪ ਦੇ ਕਾਰਣ **ਮਾਰੇ** ਗਏ ਸਨ। ਸ਼ਾਇਦ ਉਨ੍ਹਾਂ ਦੇ ਨਾਮ ਇਸ ਲਈ ਦੱਸੇ ਗਏ ਹਨ ਕਿਉਂਕਿ ਉਹ ਆਪੋ-ਆਪਣੇ ਭਾਈਚਾਰੇ ਦੇ ਪ੍ਰਮੁੱਖ ਮੈਂਬਰ ਸਨ। **ਇਸਰਾਏਲੀ ਮਨੁੱਖ** ਜਿਸ ਦਾ ਨਾਉਂ **ਜ਼ਿਮਰੀ ਸੀ ਸ਼ਿਮਓਨੀਆਂ ਵਿੱਚੋਂ ... ਪਰਧਾਨ ਸਾਲੂ ਦਾ ਪੁੱਤ੍ਰ ਸੀ**। ਕੀ ਸ਼ਿਮਓਨੀ "ਇਸ ਮਾਮਲੇ ਵਿਚ ਮੁੱਖ ਦੋਸ਼ੀ ਸਨ"? ਉਨ੍ਹਾਂ ਦੇ ਜੁੱਧ ਕਰਨ ਵਾਲੇ ਮਨੁੱਖਾਂ ਦੀ ਗਿਣਤੀ ਪਹਿਲੀ ਅਤੇ ਦੂਜੀ ਗਿਣਤੀ ਵਿਚਕਾਰ 59,300 ਤੋਂ ਘੱਟ ਕੇ 22,200 ਹੋ ਗਈ ਸੀ (1:23; 26:14)।[10] 24,000 ਦੀ ਇਕ ਵੱਡੀ ਗਿਣਤੀ ਜਿਹੜੇ ਬਵਾ ਵਿਚ ਮਰ ਗਏ ਸਨ (25:9) ਸ਼ਾਇਦ ਉਸ ਗੋਤ ਦੇ ਵਿੱਚੋਂ ਹੋਣਗੇ। **ਮਿਦਯਾਨੀ ਤੀਵੀਂ ਸੂਰ ਦੀ ਧੀ ਕਾਜ਼ਬੀ** ਸੀ ਜਿਹੜਾ **ਮਿਦਯਾਨ** ਦੇ ਲੋਕਾਂ ਦਾ **ਮੁਖੀਆ** ਸੀ। "ਸੂਰ" ਦਾ ਇੱਥੇ **ਪਿਤਾ ਦੇ ਘਰਾਣੇ ... ਦਾ ਮੁਖੀਆ** ਵਜੋਂ ਹਵਾਲਾ ਦਿੱਤਾ ਗਿਆ ਹੈ, ਜਦ ਕਿ 31:8 ਵਿਚ ਉਸ ਦਾ ਨਾਮ "ਮਿਦਯਾਨ ਦੇ ਪੰਜਾਂ ਰਾਜਿਆਂ" ਵਿਚ ਦਿੱਤਾ ਗਿਆ ਹੈ।

**ਆਇਤਾਂ 16-18.** ਮਿਦਯਾਨ ਲਈ ਪਓਰ ਦੇ ਬਆਲ ਨਾਲ ਪਾਪ ਦਾ ਸਥਾਈ ਨਤੀਜਾ ਕੀ ਸੀ? ਇਸਰਾਏਲੀਆਂ ਨੇ **ਮਿਦਯਾਨੀਆਂ ਨੂੰ ਸਤਾਉਣਾ ਅਤੇ ਉਨ੍ਹਾਂ ਨੂੰ ਮਾਰਨਾ** ਸੀ। ਇਸਰਾਏਲੀਆਂ ਨੇ ਮਿਦਯਾਨੀਆਂ ਨੂੰ ਨਾਸ ਕਰਨਾ ਸੀ ਕਿਉਂਕਿ ਉਹ **ਆਪਣਿਆਂ ਛਲਾਂ ਨਾਲ** ਪਰਮੇਸ਼ੁਰ ਦੀ ਪਰਜਾ ਨੂੰ ਸਤਾਉਂਦੇ ਸਨ ਅਤੇ ਉਨ੍ਹਾਂ ਨੇ **ਪਓਰ ਦੀ ਗੱਲ ਵਿੱਚ ਅਤੇ ਕਾਜ਼ਬੀ ਦੀ ਗੱਲ ਵਿੱਚ** [ਉਨ੍ਹਾਂ ਨੂੰ] **ਛਲਿਆ** ਸੀ। ਇਹ ਸਪੱਸ਼ਟ ਤੌਰ ਤੇ ਇਸਰਾਏਲੀ ਮਨੁੱਖਾਂ ਕੋਲੋਂ ਪਾਪ ਕਰਵਾਉਣ ਦੇ ਲਈ ਮਿਦਯਾਨ ਦੀਆਂ ਤੀਵੀਆਂ ਨੂੰ ਉਨ੍ਹਾਂ ਨੂੰ ਫੁਸਲਾਉਣ ਦੇ ਲਈ ਇਸਤੇਮਾਲ ਕਰਨ ਦੁਆਰਾ ਯਹੋਵਾਹ ਕੋਲੋਂ ਇਸਰਾਏਲ ਨੂੰ ਸਰਾਪ ਦਿਵਾਉਣ ਦੀ ਬਿਲਆਮ ਦੀ ਯੋਜਨਾ ਦਾ ਇਕ ਹਵਾਲਾ ਹੈ (31:16)। ਅਧਿਆਇ 31 ਵਰਣਨ ਕਰਦਾ ਹੈ ਕਿ ਕਿਵੇਂ ਇਸਰਾਏਲੀਆਂ ਨੇ ਮਨੁੱਖਾਂ ਨੂੰ ਅਤੇ ਮਿਦਯਾਨ ਦੇ ਹਾਕਮਾਂ ਨੂੰ ਮਾਰਨ, ਲੁੱਟਣ ਅਤੇ ਉਨ੍ਹਾਂ ਦਿਆਂ ਡੇਰਿਆਂ ਅਤੇ ਪਿੰਡਾਂ ਨੂੰ ਸਾੜਨ ਅਤੇ ਉਨ੍ਹਾਂ ਦੀਆਂ ਤੀਵੀਆਂ, ਨਿਆਣਿਆਂ ਅਤੇ ਸਾਰੇ ਡੰਗਰ ਅਤੇ ਉਨ੍ਹਾਂ ਦੇ ਸਾਰੇ ਵੱਗ ਨੂੰ ਬੰਧੂਏ ਬਣਾਉਣ ਦੁਆਰਾ ਇਸ ਹੁਕਮ ਦਾ ਪਾਲਣ ਕੀਤਾ ਸੀ।

ਇਸ ਮੌਕੇ ਤੇ ਇਸਰਾਏਲੀਆਂ ਦੁਆਰਾ ਬਆਲ ਦੀ ਪੂਜਾ ਪਰਜਾ ਦੇ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਤੋਂ ਬਾਅਦ ਇਸ ਦੇ ਇਤਹਾਸ ਦੇ ਲਈ ਇਕ ਉਚਿਤ ਪ੍ਰਸਤਾਵਨਾ ਦਾ ਕੰਮ

ਕਰਦੀ ਹੈ। ਬਾਰ-ਬਾਰ, ਪਰਜਾ ਬਆਲ ਦੀ ਅਤੇ ਕਨਾਨੀਆਂ ਦੇ ਹੋਰ ਦੇਵਤਿਆਂ ਦੀ ਪੂਜਾ ਕਰਨ ਵੱਲ ਮੁੜੀ, ਜਦੋਂ ਤੱਕ ਪਰਮੇਸ਼ੁਰ ਨੇ ਆਖ਼ਰਕਾਰ ਇਸਰਾਏਲ ਨੂੰ ਨਾਸ ਨਹੀਂ ਕਰ ਦਿੱਤਾ ਅਤੇ ਉਨ੍ਹਾਂ ਦੀ ਮੂਰਤੀਪੂਜਾ ਦੇ ਕਾਰਣ ਯਹੂਦਾਹ ਨੂੰ ਗੁਲਾਮੀ ਵਿਚ ਘੱਲਿਆ।

# ਪ੍ਰਾਸੰਗਿਕਤਾ

**ਤ੍ਰਾਸਦੀ ਦਾ ਆਖ਼ਰੀ ਕਾਰਜ (ਅਧਿਆਇ 25)**

ਜੇਕਰ ਇਸਰਾਏਲ ਦੇ ਛੁਟਕਾਰੇ ਦੀ ਕਹਾਣੀ ਅਤੇ ਉਜਾੜ ਵਿਚ ਅੱਗੇ ਆਉਣ ਵਾਲੇ ਸਾਲ ਇਕ ਨਾਟਕ ਸਨ, ਇਸ ਨੂੰ ਇਕ ਤ੍ਰਾਸਦੀ ਕਰਾਰ ਦਿੱਤਾ ਜਾਵੇਗਾ। ਪਰਜਾ ਵੱਡੀਆਂ-ਵੱਡੀਆਂ ਆਸਾਂ ਨਾਲ ਮਿਸਰ ਵਿੱਚੋਂ ਨਿੱਕਲੀ ਸੀ। ਸੀਨਈ ਵਿਚ ਠਹਿਰਣ ਤੋਂ ਬਾਅਦ, ਉਨ੍ਹਾਂ ਨੇ ਆਪਣੇ ਸਫ਼ਰ ਨੂੰ ਜਾਰੀ ਰੱਖਿਆ ਜੋ ਕਿ ਵਾਅਦੇ ਦੇ ਦੇਸ ਵੱਲ ਨੂੰ ਜਾਂਦਾ ਸੀ; ਪਰ ਉਨ੍ਹਾਂ ਦੀਆਂ ਆਸਾਂ ਛੇਤੀ ਹੀ ਚਕਨਾਚੂਰ ਹੋ ਗਈਆਂ - ਕਿਸੇ ਬਾਹਰੀ ਤਾਕਤਾਂ ਦੇ ਕਾਰਣ ਨਹੀਂ, ਪਰ ਉਨ੍ਹਾਂ ਦੇ ਆਪਣੇ ਵਿਦਰੋਹੀ ਰਵੱਈਆਂ ਦੇ ਕਾਰਣ। ਸਾਰੀ ਪੀੜ੍ਹੀ ਨੂੰ ਉਜਾੜ ਵਿਚ ਮਰਨ ਦੇ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਅਠੱਤੀ ਸਾਲਾਂ ਬਾਅਦ, ਸ਼ਾਇਦ ਉਸ ਅਸਲੀ ਪੀੜ੍ਹੀ ਦੇ ਸਿਰਫ ਮੁੱਠੀਭਰ ਲੋਕ ਜਿੰਦਾ ਬਚੇ ਸਨ। ਉਸ ਸਮੇਂ, ਉਨ੍ਹਾਂ ਨੇ ਫੇਰ ਕਨਾਨ ਵੱਲ ਨੂੰ ਆਪਣਾ ਸਫ਼ਰ ਜਾਰੀ ਰੱਖਿਆ ਅਤੇ ਮੋਆਬ ਦੇ ਮਦਾਨ ਵਿਚ ਡੇਰਾ ਲਾਇਆ। ਉੱਥੇ ਉਨ੍ਹਾਂ ਦੇ ਦੁਖਦਾਈ ਸਫ਼ਰ ਵਿਚ ਆਖ਼ਰੀ ਘਟਨਾ ਵਾਪਰੀ ਸੀ (ਅਧਿਆਇ 25)।

*ਪਾਪ*। ਉਹ ਕਿਹੜਾ ਪਾਪ ਸੀ ਜੋ ਇੰਨੇ ਜ਼ਿਆਦਾ ਇਸਰਾਏਲੀਆਂ ਨੂੰ ਮੌਤ ਦੀ ਵੱਲ ਲੈ ਗਿਆ?

ਉਨ੍ਹਾਂ ਚਾਲੀ ਵਰਿਹਾਂ ਦੇ ਅੰਤ ਦੇ ਨੇੜੇ ਜੋ ਇਸਰਾਏਲੀਆਂ ਨੇ ਉਜਾੜ ਵਿਚ ਬਿਤਾਏ ਸਨ, ਪਰਜਾ ਨੇ ਫੇਰ ਵਾਅਦੇ ਦੀ ਧਰਤੀ ਵੱਲ ਨੂੰ ਕੂਚ ਕੀਤਾ। ਮੂਸਾ ਨੇ ਇਕ ਚਟਾਨ ਵਿੱਚੋਂ ਪਾਣੀ ਕੱਢਣ ਦੇ ਸੰਬੰਧ ਵਿਚ ਪਾਪ ਕੀਤਾ ਸੀ। ਮਿਰਯਮ ਅਤੇ ਹਾਰੂਨ ਮਰ ਗਏ ਸਨ। ਇਸਰਾਏਲੀਆਂ ਨੇ ਯਰਦਨ ਦੇ ਚੜ੍ਹਦੇ ਪਾਸੇ ਵੱਲ ਕਈ ਕੌਮਾਂ ਨੂੰ ਹਰਾ ਦਿੱਤਾ ਅਤੇ ਅਤੇ ਉਨ੍ਹਾਂ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ ਸੀ।

ਲਗਭਗ ਉਸੇ ਸਮੇਂ, ਬਿਲਆਮ ਨੂੰ ਮੋਆਬੀਆਂ ਦੀ ਖ਼ਾਤਰ ਇਸਰਾਏਲ ਨੂੰ ਸਰਾਪ ਦੇਣ ਦੇ ਲਈ ਭਾੜੇ ਤੇ ਲਿਆਂਦਾ ਗਿਆ ਸੀ ਪਰ ਉਹ ਇਸ ਤਰ੍ਹਾਂ ਕਰਨ ਵਿਚ ਅਸਮਰੱਥ ਸੀ। ਜਦੋਂ ਅਧਿਆਇ 25 ਵਿਚ ਵਰਣਨ ਕੀਤੀਆਂ ਗਈਆਂ ਘਟਨਾਵਾਂ ਵਾਪਰੀਆਂ, ਇਸਰਾਏਲੀਆਂ ਨੇ ਯਰਦਨ ਦੇ ਚੜ੍ਹਦੇ ਪਾਸੇ ਵੱਲ, ਮੋਆਬ ਦੇ ਮਦਾਨ ਵਿਚ ਡੇਰਾ ਲਾਇਆ ਸੀ। ਉਨ੍ਹਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਨੇੜਤਾ ਮੋਆਬੀਆਂ ਦੇ ਲਈ ਸਪੱਸ਼ਟ ਤੌਰ ਤੇ ਇਕ ਖ਼ਤਰਾ ਸੀ। ਪਰਮੇਸ਼ੁਰ ਦੀ ਪਰਜਾ ਵਾਅਦੇ ਦੀ ਧਰਤੀ ਵਿਚ ਜਾਣ ਅਤੇ ਇਸ ਤੇ ਕਬਜ਼ਾ ਕਰਨ ਦੀ ਸਥਿਤੀ ਵਿਚ ਸੀ। ਉਹ ਇਕ ਜਿੱਤ ਦੇ ਲਈ ਤਿਆਰ ਸਨ। ਬਜਾਇ ਜਿੱਤ ਦੇ, ਉਨ੍ਹਾਂ ਨੇ ਆਪਣੇ ਪਾਪ ਦੇ ਕਾਰਣ ਤਬਾਹੀ ਦਾ ਅਨੁਭਵ ਕੀਤਾ:

> ਜਦ ਇਸਰਾਏਲ ਸ਼ਿੱਟੀਮ ਵਿੱਚ ਵੱਸਦੇ ਸਨ, ਤਦ ਲੋਕ ਮੋਆਬ ਦੀਆਂ ਕੁੜੀਆਂ ਨਾਲ ਜ਼ਨਾਹ ਕਰਨ ਲੱਗ ਪਏ। ਜਦ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਦੇਵਤਿਆਂ ਦੀਆਂ ਬਲੀਆਂ ਉੱਤੇ ਬੁਲਾਇਆ ਤਾਂ ਲੋਕਾਂ ਨੇ ਖਾਧਾ ਅਤੇ ਉਨ੍ਹਾਂ ਦੇ ਦੇਵਤਿਆਂ ਅੱਗੇ ਮੱਥਾ ਟੇਕਿਆ। ਸੋ ਇਸਰਾਏਲ ਪਓਰ ਦੇ ਬਆਲ ਦੇਵ ਨਾਲ ਰਲ ਗਿਆ ਤਾਂ ਯਹੋਵਾਹ ਦਾ ਕ੍ਰੋਧ ਇਸਰਾਏਲ ਉੱਤੇ ਭੜਕਿਆ (25:1-3)।

ਪਹਿਲੀ ਗੱਲ, ਉਨ੍ਹਾਂ ਨੇ "ਮੋਆਬ ਦੀਆਂ ਕੁੜੀਆਂ" ਨਾਲ "ਜਿਨਸੀ ਸੰਬੰਧ ਬਣਾਇਆ ਸੀ" (KJV) ਜਾਂ "ਜ਼ਨਾਹ ਕੀਤਾ ਸੀ।" ਲੇਖਕ ਨੇ ਸ਼ਾਇਦ ਤਦ ਵੀ ਇਹੀ ਗੱਲ ਕਹਿਣੀ ਸੀ ਜੇਕਰ ਲੋਕਾਂ ਨੇ ਮੋਆਬ ਦੀਆਂ ਕੁੜੀਆਂ ਨਾਲ ਵਿਆਹ ਕੀਤਾ ਹੁੰਦਾ। ਪਰ, ਕਿਉਂਕਿ ਇਸ ਵਿਚ ਬਹੁਤ ਜ਼ਿਆਦਾ ਸਮਾਂ ਸ਼ਾਮਲ ਨਹੀਂ ਸੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਸਰਾਏਲੀਆਂ ਅਤੇ "ਮੋਆਬ ਦੀਆਂ ਕੁੜੀਆਂ" ਵਿਚਕਾਰ ਬਣਾਏ ਗਏ ਸੰਬੰਧ ਥੋੜ੍ਹੇ ਸਮੇਂ ਦੇ ਸਨ। ਇਸਰਾਏਲੀ ਪੁਰਸ਼ ਓਪਰੀਆਂ ਤੀਵੀਆਂ ਨਾਲ ਵਿਆਹ ਕਰਵਾਉਣ ਦੇ ਲਈ ਉਨ੍ਹਾਂ ਦੀਆਂ ਕਾਨੂੰਨੀ ਇਸਰਾਏਲੀ ਤੀਵੀਆਂ ਨੂੰ ਨਹੀਂ ਸੀ ਤਿਆਗ ਰਹੇ।

ਅਗਲੀ ਗੱਲ, "ਮੋਆਬ ਦੀਆਂ ਕੁੜੀਆਂ" ਨੇ "ਲੋਕਾਂ ਨੂੰ ਆਪਣੇ ਦੇਵਤਿਆਂ ਦੀਆਂ ਬਲੀਆਂ ਉੱਤੇ ਬੁਲਾਇਆ ਸੀ," ਜੋ ਇਹ ਦੱਸਦੀ ਹੈ ਕਿ ਵਿਭਚਾਰ ਮੋਆਬੀਆਂ ਦੇ ਦੇਵਤਾ ਬਆਲ ਦੀ ਪੂਜਾ ਦੇ ਸੰਬੰਧ ਵਿਚ ਕੀਤਾ ਗਿਆ ਸੀ। ਗੈਰ-ਯਹੂਦੀ ਧਾਰਮਿਕ ਰੀਤਾਂ ਵਿਚ ਕਈ ਵਾਰੀ ਰਸਮੀ ਵੇਸਵਾਪਣ ਸ਼ਾਮਲ ਹੁੰਦਾ ਸੀ। ਇਸ ਲਈ, ਇਹ ਪ੍ਰਤੀਤ ਹੁੰਦਾ ਹੈ ਕਿ ਇਸਰਾਏਲੀ ਇਕ ਕਿਸਮ ਦੀਆਂ ਜਿਨਸੀ ਰੰਗਰਲੀਆਂ ਮਨਾਉਣ ਵਿਚ ਮੋਆਬੀ ਔਰਤਾਂ ਨਾਲ ਰਲ ਗਏ ਜੋ ਬਆਲ ਦੇ ਨਾਮ ਵਿਚ ਮਨਾਈਆਂ ਜਾਂਦੀਆਂ ਸਨ। ਜ਼ਨਾਹਕਾਰੀ ਨੂੰ ਇਕ ਝੂਠੇ ਦੇਵਤਾ ਜਾਂ ਦੇਵਤਿਆਂ ਦੀ ਪੂਜਾ ਨਾਲ ਜੋੜਿਆ ਗਿਆ ਸੀ। ਇਸਰਾਏਲੀ ਵਿਭਚਾਰ ਕਰਨ ਅਤੇ ਯਹੋਵਾਹ ਪਰਮੇਸ਼ੁਰ ਨੂੰ ਤਿਆਗਣ ਦੋਹਾਂ ਦੇ ਦੋਸ਼ੀ ਸਨ! ਉਨ੍ਹਾਂ ਨੇ "ਆਪਣੇ ਆਪ ਨੂੰ ਪਓਰ ਦੇ ਬਆਲ ਨਾਲ ਰਲਾ ਲਿਆ" (25:3)। ਕਾਮ ਅਤੇ ਇਸ ਦੇ ਸਰੀਰਕ ਨਤੀਜੇ ਇਹ ਸਨ ਕਿ ਉਨ੍ਹਾਂ ਨੇ ਪਰਮੇਸ਼ੁਰ ਨੂੰ ਤਿਆਗ ਦਿੱਤਾ। ਇਸਰਾਏਲ ਦਾ ਸੀਨਈ ਵਿਚ ਪਰਮੇਸ਼ੁਰ ਨਾਲ "ਵਿਆਹ ਹੋਇਆ" ਸੀ, ਪਰ ਹੁਣ ਇਸਰਾਏਲ ਪਓਰ ਦੇ ਬਆਲ ਨਾਲ "ਰਲ ਗਿਆ" ਸੀ। ਇਸ ਨੇ ਇਸਰਾਏਲ ਨੂੰ ਆਤਮਿਕ ਜ਼ਨਾਹਕਾਰੀ ਦੇ ਨਾਲ-ਨਾਲ ਸਰੀਰਕ ਜ਼ਨਾਹਕਾਰੀ ਦਾ ਦੋਸ਼ੀ ਬਣਾ ਦਿੱਤਾ।

ਇਸ ਮੌਕੇ ਤੇ ਇਸਰਾਏਲ ਦੇ ਪਾਪ ਖੁੱਲ੍ਹੇ ਆਮ ਕੀਤੇ ਗਏ ਸਨ। 25:6-8 ਵਿਚ ਮਿਲਣ ਵਾਲਾ ਉਦਾਹਰਣ ਵਿਦਰੋਹੀ ਇਸਰਾਏਲੀਆਂ ਦੀ ਦਿਲੇਰੀ ਅਤੇ ਬਦਚਲਣੀ ਦੀ ਮਿਸਾਲ ਦਿੰਦਾ ਹੈ।

*ਪਾਪ ਦੇ ਨਤੀਜੇ*। ਅਧਿਆਇ 25 ਵਿਚ ਪਾਪ ਦੇ ਨਤੀਜੇ ਕੀ ਸਨ? (1) "ਲੋਕਾਂ ਦੇ ਸਾਰੇ ਮੁਖੀਆਂ" ਨੂੰ ਦਿਨ ਦਿਹਾੜੇ ਧੁੱਪ ਵਿੱਚ ਟੰਗ ਦਿੱਤਾ ਜਾਣਾ ਸੀ (25:4)। ਨਿਆਉਂਕਾਰਾਂ ਨੂੰ ਹਰ ਇੱਕ ਨੂੰ ਮਾਰਨ ਦੇ ਲਈ ਆਖਿਆ ਗਿਆ ਸੀ ਜਿਹੜੇ ਪਾਪ ਦੇ ਦੋਸ਼ੀ ਸਨ (25:5)। (2) ਪਰਮੇਸ਼ੁਰ ਨੇ ਲੋਕਾਂ ਉੱਤੇ ਇਕ ਬਵਾ ਘੱਲੀ ਜਿਸ ਨੇ 24,000 ਲੋਕਾਂ ਨੂੰ ਮਾਰ ਸੁੱਟਿਆ (25:8, 9)। (3) ਇਕ ਮਨੁੱਖ ਜਿਹੜਾ ਖੁੱਲ੍ਹੇ ਤੌਰ ਤੇ ਨਾਫ਼ਰਮਾਨੀ ਦਾ ਦੋਸ਼ੀ ਸੀ ਆਪਣੀ ਮਿਦਯਾਨੀ ਪ੍ਰੇਮਿਕਾ ਨਾਲ ਫ਼ੀਨਹਾਸ ਦੁਆਰਾ ਮਾਰ ਦਿੱਤਾ ਗਿਆ (25:6-8)। ਇਨ੍ਹਾਂ ਦੋਹਾਂ ਨੂੰ ਮਾਰਨ ਕਰਕੇ ਬਵਾ ਰੁੱਕ ਗਈ। ਫ਼ੀਨਹਾਸ ਦੀ ਦਿਲੇਰੀ ਅਤੇ ਪਰਮੇਸ਼ੁਰ ਦੇ ਲਈ ਖੜਾ ਹੋਣ ਦੇ ਨਤੀਜੇ ਵਜੋਂ, ਉਸ ਨੂੰ ਸਦਾ ਦੀ ਜਾਜਕਾਈ ਦੇ ਦਿੱਤੀ ਗਈ (25:10-13)। (4) ਪਰਮੇਸ਼ੁਰ ਨੇ ਮਿਦਯਾਨੀਆਂ ਨੂੰ ਨਾਸ ਕਰਨ ਦੇ ਹੁਕਮ ਦਿੱਤੇ ਸਨ (25:17, 18)। ਅਧਿਆਇ 31 ਵਿਚ ਇਸਰਾਏਲੀਆਂ ਨੇ ਇਨ੍ਹਾਂ ਹੁਕਮਾਂ ਦਾ ਪਾਲਣ ਕੀਤਾ ਸੀ। (5) ਪੰਜਵੀ ਸਜ਼ਾ ਦਿੱਤੀ ਗਈ ਸੀ। ਇਸਰਾਏਲ ਦੇ ਪਾਪ ਦੇ ਲਈ ਇਕ ਵਿਅਕਤੀ ਜ਼ਿੰਮੇਵਾਰ ਸੀ ਜਿਸ ਦਾ ਨਾਮ ਬਿਲਆਮ ਸੀ। ਇਹੀ ਉਹ ਵਿਅਕਤੀ ਸੀ ਜਿਸ ਨੇ ਮੋਆਬੀਆਂ ਨੂੰ ਇਸਰਾਏਲ ਨੂੰ ਹਰਾਉਣ ਦੇ ਲਈ ਆਖਿਆ ਸੀ। ਗਿਣਤੀ 31:16 ਆਖਦੀ ਹੈ ਕਿ ਔਰਤਾਂ ਨੇ "ਇਸਰਾਏਲੀਆਂ ਨੂੰ ਬਿਲਆਮ ਦੀ ਸਲਾਹ ਨਾਲ ਪਓਰ ਦੀ ਗੱਲ ਵਿੱਚ ਯਹੋਵਾਹ ਦੇ ਵਿਰੁੱਧ ਅਪਰਾਧੀ ਬਣਾਇਆ।"

ਇਸਰਾਏਲ ਨੂੰ ਸਰਾਪ ਦੇਣ ਦੀ ਨਾਕਾਮ ਕੋਸ਼ਿਸ਼ ਤੋਂ ਬਾਅਦ, ਬਿਲਆਮ ਹਾਲੇ ਵੀ ਉਹ ਇਨਾਮ ਚਾਹੁੰਦਾ ਸੀ ਜਿਸ ਦਾ ਬਾਲਾਕ ਨੇ ਉਸ ਨਾਲ ਵਾਅਦਾ ਕੀਤਾ ਸੀ, ਇਸ ਲਈ ਉਸ ਨੇ ਮੋਆਬੀਆਂ ਨੂੰ ਇਕ ਸਲਾਹ ਦਿੱਤੀ: "ਤੁਸੀਂ ਹਮਲਾ ਕਰਕੇ ਇਸਰਾਏਲ ਨੂੰ ਨਹੀਂ ਹਰਾ ਸਕਦੇ, ਕਿਉਂਕਿ ਇਸਰਾਏਲ ਦਾ ਪਰਮੇਸ਼ੁਰ ਆਪਣੀ ਪਰਜਾ ਦੇ ਲਈ ਲੜੇਗਾ। ਪਰ ਜੇਕਰ ਤੁਸੀਂ ਇਸਰਾਏਲ ਕੋਲੋਂ ਪਾਪ ਕਰਵਾ ਸਕਦੇ ਹੋ, ਇਸਰਾਏਲ ਦਾ ਪਰਮੇਸ਼ੁਰ ਆਪਣੀ ਪਰਜਾ ਦੇ ਵਿਰੁੱਧ ਲੜੇਗਾ। ਫਿਰ ਇਸਰਾਏਲ ਹਾਰ ਜਾਵੇਗਾ।" ਮੋਆਬੀਆਂ ਨੇ ਬਿਲਆਮ ਦੀ ਸਲਾਹ ਮੰਨੀ ਅਤੇ ਇਹ ਸਫ਼ਲ ਰਹੀ - ਘੱਟੋ-ਘੱਟ ਕੁਝ ਸਮੇਂ ਦੇ ਲਈ। ਮਿਦਯਾਨੀਆਂ ਨੂੰ ਇਸ ਦੀ ਸਜ਼ਾ ਮਿਲੀ ਅਤੇ ਉਸੇ ਤਰ੍ਹਾਂ ਉਸ ਵਿਅਕਤੀ ਨੂੰ ਵੀ ਜਿਸ ਨੇ ਇਹ ਯੋਜਨਾ ਬਣਾਈ ਸੀ। ਗਿਣਤੀ 31:8 ਸਾਨੂੰ ਦੱਸਦੀ ਹੈ ਕਿ ਜਦੋਂ ਇਸਰਾਏਲ ਨੇ ਮਿਦਯਾਨੀਆਂ ਨੂੰ ਨਾਸ ਕੀਤਾ, ਉਨ੍ਹਾਂ ਨੇ ਬਿਲਆਮ ਨੂੰ ਵੀ ਮਾਰ ਦਿੱਤਾ। ਉਸ ਦੀ ਮੌਤ ਇਸਰਾਏਲ ਦੇ ਪਾਪ ਦਾ ਇਕ ਨਤੀਜਾ ਸੀ।

*ਅੱਜ ਦੇ ਲੋਕਾਂ ਦੇ ਲਈ ਸਬਕ।* ਮੋਆਬੀਆਂ ਨਾਲ ਰਲ ਕੇ ਪਓਰ ਦੇ ਬਆਲ ਦੀ ਪੂਜਾ ਵਿਚ ਇਸਰਾਏਲ ਦਾ ਪਾਪ ਸਾਡੇ ਲਈ ਇਕ ਚਿਤਾਵਨੀ ਦਾ ਕੰਮ ਕਰਦਾ ਹੈ। ਪਾਪ ਦੇ ਨਤੀਜੇ ਘਾਤਕ ਹੁੰਦੇ ਹਨ (ਰੋਮੀਆਂ 6:23; ਵੇਖੋ ਕੂਚ 22:20; ਲੇਵੀਆਂ 20:10; ਬਿਵਸਥਾ ਸਾਰ 12:13-18; 22:22-24)। ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਪਾਪ ਤੋਂ ਨਫਰਤ ਕਰਦਾ ਹੈ ਅਤੇ ਸਾਨੂੰ ਪਾਪ ਦੇ ਖ਼ਤਰੇ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

1. ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਪਰਮੇਸ਼ੁਰ ਦੇ ਵਾਅਦੇ ਪੱਕੇ ਹਨ, ਪਰ ਉਸੇ ਤਰ੍ਹਾਂ ਉਸ ਦੀਆਂ ਧਮਕੀਆਂ ਵੀ ਪੱਕੀਆਂ ਹਨ। ਜਦੋਂ ਉਹ ਆਪਣੇ ਵਚਨ ਵਿਚ ਕਹਿੰਦਾ ਹੈ ਕਿ ਜਿਹੜੇ ਉਸ ਨੂੰ ਠੁਕਰਾਉਂਦੇ ਹਨ ਅਤੇ ਪਾਪੀ ਜੀਵਨ ਜੀਉਂਦੇ ਹਨ "ਦੂਈ ਮੌਤ" ਵੇਖਣਗੇ, ਅਸੀਂ ਇਹ ਨਿਸ਼ਚਤ ਹੋ ਸਕਦੇ ਹਾਂ ਕਿ ਉਹ ਇਹ ਸਹੀ ਕਹਿ ਰਿਹਾ ਹੈ। ਪੁਰਾਣੇ ਨੇਮ ਦੇ ਉਦਾਹਰਣ ਸਾਨੂੰ ਚੇਤੇ ਕਰਾਉਣੇ ਚਾਹੀਦੇ ਹਨ ਕਿ ਪਰਮੇਸ਼ੁਰ ਦਾ ਵਚਨ ਸੱਚਾ ਹੈ ਅਤੇ ਅਟੱਲ ਹੈ; ਉਹ ਜੋ ਕਹਿੰਦਾ ਹੈ ਪੂਰਾ ਹੁੰਦਾ ਹੈ।

2. ਹਰਾਮਕਾਰੀ ਦੀ ਮਨਾਹੀ ਹੈ। ਇਕ ਗੱਲ ਜਿਸ ਦੇ ਵਿਰੁੱਧ ਇਹ ਹਵਾਲਾ ਸਾਨੂੰ ਚਿਤਾਵਨੀ ਦਿੰਦਾ ਹੈ ਉਹ ਹਰਾਮਕਾਰੀ ਦਾ ਪਾਪ ਹੈ। ਗਿਣਤੀ 25 ਅਧਿਆਇ ਵਿਚ ਪੌਲੁਸ ਨੇ ਇਸ ਪਾਪ ਦਾ ਹਵਾਲਾ ਦਿੱਤਾ ਜਦੋਂ ਉਸ ਨੇ ਲਿਖਿਆ, "ਨਾ ਹਰਾਮਕਾਰੀ ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ ਤੇਈ ਹਜ਼ਾਰ ਜਣਿਆ ਦੇ ਸੱਥਰ ਲੱਥੇ" (1 ਕੁਰਿੰਥੀਆਂ 10:8)। ਗਿਣਤੀ 25:9 ਆਖਦੀ ਹੈ ਕਿ ਇਸ ਦਿਨ ਦੀਆਂ ਘਟਨਾਵਾਂ ਦੇ ਕਾਰਣ ਚੌਵੀ ਹਜ਼ਾਰ ਮਰੇ। ਮਸੀਹੀ ਵਿਅਕਤੀ ਨੂੰ ਹਰਾਮਕਾਰੀ - ਭਾਵੇਂ ਇਸ ਵਿਚ ਜ਼ਨਾਹਕਾਰੀ ਜਾਂ ਵਿਭਚਾਰ ਜਾਂ ਕੋਈ ਹੋਰ ਯੌਨ ਕਿਰਿਆ ਸੰਬੰਧੀ ਪਾਪ ਸ਼ਾਮਲ ਹੁੰਦਾ ਹੈ - ਦੀ ਮਨਾਹੀ ਹੈ, ਜਿਸ ਨੂੰ "[ਆਪਣੇ ਆਪ ਨੂੰ] ਸੁੱਚਾ ਰੱਖਣ ਦੇ ਲਈ" ਆਖਿਆ ਗਿਆ ਹੈ (1 ਤਿਮੋਥਿਉਸ 5:22; NKJV; ਵੇਖੋ ਯਾਕੂਬ 1:27)।

3. ਹੋਰ ਕੁਝ ਵੀ ਪਰਮੇਸ਼ੁਰ ਤੋਂ ਉੱਪਰ ਨਹੀਂ ਹੋ ਸਕਦਾ। ਜਦੋਂ ਕੋਈ ਵੀ ਚੀਜ਼ ਸਾਡੇ ਅਤੇ ਯਹੋਵਾਹ ਪਰਮੇਸ਼ੁਰ ਦੇ ਵਿਚਕਾਰ ਆਉਂਦੀ ਹੈ - ਭਾਵੇਂ ਇਹ ਪੈਸਾ, ਜਾਂ ਸੁੱਖ ਜਾਂ ਸੱਤਾ ਜਾਂ ਪ੍ਰਸਿੱਧੀ ਹੈ - ਅਸੀਂ ਮੂਰਤੀਪੂਜਾ ਦੇ ਦੋਸ਼ੀ ਹਾਂ ਅਤੇ ਸਜ਼ਾ ਦੀ ਉਮੀਦ ਕਰ ਸਕਦੇ ਹਾਂ, ਜਿਵੇਂ ਇਸਰਾਏਲੀਆਂ ਨੂੰ ਸਜ਼ਾ ਦਿੱਤੀ ਗਈ ਸੀ।

4. ਮਸੀਹੀ ਲੋਕਾਂ ਨੂੰ ਧਾਰਮਿਕ ਤੌਰ ਤੇ ਦੂਜੀਆਂ ਜਾਤੀਆਂ ਵਿਚ ਵਿਆਹ ਕਰਵਾਉਣ ਤੋਂ ਬਚਣਾ ਚਾਹੀਦਾ ਹੈ। ਅਕਸਰ, ਜਵਾਨ ਮਸੀਹੀ ਮੁੰਡੇ ਅਤੇ ਕੁੜੀਆਂ ਭਵਿੱਖ ਬਾਰੇ ਗੰਭੀਰ ਵਿਚਾਰ ਕੀਤੇ ਬਿਨ੍ਹਾਂ ਗੈਰ-ਵਿਸ਼ਵਾਸੀ ਲੋਕਾਂ ਦੇ ਪਿਆਰ ਵਿਚ ਡਿੱਗ ਜਾਂਦੇ ਹਨ ਅਤੇ ਉਨ੍ਹਾਂ

ਨਾਲ ਵਿਆਹ ਕਰਵਾ ਲੈਂਦੇ ਹਨ ਜਿਹੜੇ ਸਰੀਰਕ ਤੌਰ ਤੇ ਆਕਰਸ਼ਕ ਹੁੰਦੇ ਹਨ। ਬਾਅਦ ਵਿਚ ਉਨ੍ਹਾਂ ਨੂੰ ਇਸ ਗੱਲ ਦਾ ਪਛਤਾਵਾ ਹੁੰਦਾ ਹੈ ਕਿ ਉਨ੍ਹਾਂ ਦਾ ਜੀਵਨ ਸਾਥੀ ਜਾਂ ਸਾਥਣ ਮਸੀਹੀ ਬਣਨ ਵਿਚ ਕੋਈ ਦਿਲਚਸਪੀ ਨਹੀਂ ਰੱਖਦੀ। ਫਿਰ, ਅਕਸਰ ਉਹ ਆਪ ਵੀ ਪਰਮੇਸ਼ੁਰ ਤੋਂ ਦੂਰ ਹੋ ਜਾਂਦੇ ਹਨ। ਗੈਰ-ਵਿਸ਼ਵਾਸੀਆਂ ਵਿਚ ਰਲਣਾ ਉਨ੍ਹਾਂ ਨੂੰ ਉਨ੍ਹਾਂ ਦੇ ਯਹੋਵਾਹ ਨੂੰ ਤਿਆਗਣ ਦੀ ਵੱਲ ਲੈ ਜਾਂਦਾ ਹੈ।

*ਸਿੱਟਾ*। ਗਿਣਤੀ 25 ਅਧਿਆਇ ਵਿਚ ਤ੍ਰਾਸਦੀ ਦੇ ਆਖ਼ਰੀ ਕਾਰਜ ਦੇ ਬਾਰੇ ਲਿਖਿਆ ਹੋਇਆ ਹੈ - ਪੀੜ੍ਹੀ ਦੀ ਮੌਤ ਜਿਸ ਨੂੰ ਪਰਮੇਸ਼ੁਰ ਮਿਸਰ ਵਿੱਚੋਂ ਬਾਹਰ ਕੱਢ ਕੇ ਲਿਆਇਆ ਸੀ। ਇਕ ਪੀੜ੍ਹੀ ਦਾ ਮਰਨਾ ਦੁਖਦਾਈ ਹੈ, ਖ਼ਾਸ ਕਰਕੇ ਉਦੋਂ ਜਦੋਂ ਇਸ ਨੂੰ ਜ਼ਿਆਦਾਤਰ ਹਰਾਮਕਾਰੀ, ਬੁੜ ਬੁੜਾਉਣ, ਨਾਸ਼ੁਕਰੇਪਣ, ਨਿਹਚਾ ਦੀ ਘਾਟ ਅਤੇ ਪਰਮੇਸ਼ੁਰ ਦੇ ਪ੍ਰਤੀ ਅਣਆਗਿਆਕਾਰੀ ਦੇ ਲਈ ਯਾਦ ਕੀਤਾ ਜਾਣਾ ਚਾਹੀਦਾ ਹੈ। ਸ਼ਾਇਦ ਅਸੀਂ ਪੁੱਛ ਸਕਦੇ ਹਾਂ, "*ਅਸੀਂ* ਕਿਵੇਂ ਯਾਦ ਕੀਤੇ ਜਾਵਾਂਗੇ? ਕੀ ਅਸੀਂ ਹਰਾਮਕਾਰਾਂ, ਬੁੜ ਬੁੜਾਉਣ ਵਾਲਿਆਂ, ਜਾਂ ਨਾਸ਼ੁਕਰਿਆਂ ਵਜੋਂ ਯਾਦ ਕੀਤੇ ਜਾਵਾਂਗੇ?" ਇਸ ਦੀ ਬਜਾਇ, ਸਾਨੂੰ ਉਨ੍ਹਾਂ ਵਜੋਂ ਯਾਦ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਯਹੋਵਾਹ ਤੇ ਭਰੋਸਾ ਕੀਤਾ ਅਤੇ ਉਸ ਦੀ ਆਗਿਆ ਦਾ ਪਾਲਣ ਕੀਤਾ।

**ਪਹਿਲਾ ਸਵਾਲ: ਕਿਹੜੀ ਪੀੜ੍ਹੀ ਨੇ ਪਾਪ ਕੀਤਾ ਸੀ? (25:1-9)**

ਕੀ ਪਓਰ ਦੇ ਬਆਲ ਨਾਲ ਪਾਪ ਪੁਰਾਣੀ ਪੀੜ੍ਹੀ ਦਾ ਆਖ਼ਰੀ ਪਾਪ ਸੀ ਜਾਂ ਨਵੀਂ ਪੀੜ੍ਹੀ ਦਾ ਆਖ਼ਰੀ ਪਾਪ ਸੀ? ਡੈਨਿਸ ਟੀ. ਓਲਸਨ ਨੇ ਇਸ ਨੂੰ ਉਜਾੜ ਵਾਲੀ ਪੀੜ੍ਹੀ ਦੇ ਆਖ਼ਰੀ ਪਾਪ ਵਜੋਂ ਵੇਖਿਆ ਸੀ - ਪਾਪ ਜਿਸ ਨੇ ਉਨ੍ਹਾਂ ਦੇ ਆਖ਼ਰੀ ਵਿਅਕਤੀ ਤੱਕ ਨੂੰ ਮਾਰ ਸੁੱਟਿਆ ਜਿਨ੍ਹਾਂ ਨੇ ਕਾਦੇਸ਼ ਵਿਚ ਵਿਦਰੋਹ ਕੀਤਾ ਸੀ (ਅਧਿਆਇ 13; 14)। ਉਸ ਨੇ ਆਖਿਆ ਕਿ ਸੋਨੇ ਦੇ ਵੱਛੇ ਵਾਲੀ ਘਟਨਾ ਅਤੇ ਪਓਰ ਵਿਚ ਪਾਪ "ਸੀਨਈ ਤੋਂ ਲੈ ਕੇ ਵਾਅਦੇ ਦੀ ਧਰਤੀ ਦੀ ਸਰਹੱਦ ਤੱਕ ਪੁਰਾਣੀ ਪੀੜ੍ਹੀ ਦੇ ਲਈ ਪੁਸਤਕ ਅਵਲੰਬ ਵਜੋਂ ਕੰਮ ਕਰਨ ਦੇ ਲਈ ਹਨ।"[11] ਅਧਿਆਇ 26 ਇਸਰਾਏਲ ਦੇ ਲਈ ਇਕ ਨਵੀਂ ਸ਼ੁਰੂਆਤ ਦਾ ਵਰਣਨ ਕਰਦਾ ਪ੍ਰਤੀਤ ਹੁੰਦਾ ਹੈ, ਜਿਸ ਦਾ ਅਰਥ ਇਹ ਹੋਵੇਗਾ ਕਿ ਪੁਰਾਣੀ ਪੀੜ੍ਹੀ ਦਾ ਆਖ਼ਰੀ ਵਿਅਕਤੀ ਅਧਿਆਇ 25 ਵਿਚ ਮਰ ਗਿਆ ਸੀ।

ਪਰ, ਬਿਵਸਥਾ ਸਾਰ ਦੀ ਪੁਸਤਕ ਦੱਸਦੀ ਹੈ ਕਿ ਜਿਸ ਸਮੇਂ ਇਸਰਾਏਲੀਆਂ ਨੇ ਜ਼ਰਦ ਦੀ ਵਾਦੀ ਨੂੰ ਪਾਰ ਕੀਤਾ, ਉਨ੍ਹਾਂ ਦੇ ਮੋਆਬ ਦੇ ਇਲਾਕੇ ਵਿਚ ਪਹੁੰਚਣ ਤੋਂ ਪਹਿਲਾਂ, ਪੁਰਾਣੀ ਪੀੜ੍ਹੀ ਪਹਿਲਾਂ ਹੀ ਮਰ ਚੁੱਕੀ ਸੀ। ਗਿਣਤੀ 21:12 ਅਤੇ ਬਿਵਸਥਾ ਸਾਰ 2:14-18 ਜ਼ਰਦ ਦੀ ਵਾਦੀ ਵਿਚ ਇਸਰਾਏਲ ਦੇ ਡੇਰਾ ਲਾਉਣ ਦੀ ਗੱਲ ਕਰਦੀਆਂ ਹਨ।[12] ਰੌਏ ਗੇਨ ਨੇ ਲਿਖਿਆ,

> ਕਿਉਂਕਿ ਦੋਸ਼ੀ ਠਹਿਰਾਈ ਗਈ ਪੁਰਾਣੀ ਪੀੜ੍ਹੀ ਦਾ ਆਖ਼ਰੀ ਵਿਅਕਤੀ ਲੋਕਾਂ ਦੇ ਕਾਦੇਸ਼ ਵਿੱਚੋਂ ਨਿੱਕਲਣ ਤੋਂ ਬਾਅਦ (ਬਿਵਸਥਾ ਸਾਰ 2:14; ਤੁਲਨਾ ਕਰੋ ਗਿਣਤੀ 21:12-13) ਅਤੇ ਪਓਰ ਦੇ ਬਾਅਦ ਦੀ ਘਟਨਾ ਤੋਂ ਪਹਿਲਾਂ (ਗਿਣਤੀ 25) ਅਠੱਤੀ ਵਰਿਹਾਂ ਦੇ ਅੰਦਰ-ਅੰਦਰ ਪਹਿਲਾਂ ਹੀ ਮਰ ਚੁੱਕਾ ਸੀ, ਸ਼ਿੱਟੀਮ ਵਿਚ ਬਵਾ ਨਾਲ ਜਿਹੜੇ ਚੌਵੀ ਹਜ਼ਾਰ ਮਰੇ ਸਨ (25:9) ਨਵੀਂ ਪੀੜ੍ਹੀ ਦੇ ਸਨ।[13]

ਜਿਹੜਾ ਵੀ ਵਿਚਾਰ ਸਹੀ ਹੈ, ਗਿਣਤੀ 25 ਦੀ ਵਿਆਖਿਆ ਉਹੀ ਹੈ।

**ਦੂਜਾ ਸਵਾਲ: ਬਵਾ ਵਿਚ ਕਿੰਨੇ ਜਣੇ ਮਰੇ ਸਨ? (25:9)**

"ਇੱਕੋ ਦਿਨ ਵਿੱਚ ਤੇਈ ਹਜ਼ਾਰ ਜਣਿਆਂ ਦੇ ਸੱਥਰ ਲੱਥੇ" (1 ਕੁਰਿੰਥੀਆਂ 10:8) ਦੀ ਪੌਲੁਸ ਨੇ ਕਿਉਂ ਗੱਲ ਕੀਤੀ ਸੀ, ਜਦ ਕਿ ਗਿਣਤੀ 25:9 ਦੱਸਦੀ ਹੈ ਕਿ "ਜਿਹੜੇ ਉਸ ਬਵਾ ਨਾਲ ਮਰੇ ਓਹ ਚੌਵੀ ਹਜ਼ਾਰ ਸਨ"? ਇਸ ਸਪੱਸ਼ਟ ਅੰਤਰ ਦੀ ਵਿਆਖਿਆ ਕਈ ਤਰੀਕਿਆਂ ਨਾਲ ਕੀਤੀ ਗਈ ਹੈ।

1. ਉਦਾਰਵਾਦੀ ਵਿਦਵਾਨ ਅਕਸਰ ਦਾਅਵਾ ਕਰਦੇ ਹਨ ਕਿ ਪੌਲੁਸ ਨੂੰ ਭੁੱਲਣ ਦੀ ਆਦਤ ਸੀ ਇਸ ਲਈ ਉਸ ਨੇ ਇਹ ਗਲਤੀ ਕੀਤੀ ਸੀ। ਇਨ੍ਹਾਂ ਵਿੱਚੋਂ ਕੁਝ ਵਿਦਵਾਨ ਇਹ ਆਖਦੇ ਹਨ ਕਿ ਉਸ ਨੇ 24,000 ਇਸਰਾਏਲੀਆਂ ਨੂੰ ਜਿਹੜੇ 23,000 ਲੇਵੀਆਂ ਨਾਲ ਮਰ ਗਏ ਸਨ ਉਲਝਾ ਦਿੱਤਾ ਸੀ ਜਿਨ੍ਹਾਂ ਨੂੰ 26:62 ਵਿਚ ਗਿਣਿਆ ਗਿਆ ਸੀ। ਜਿਹੜੇ ਵਚਨ ਦੀ ਪ੍ਰੇਰਣਾ ਦਾ ਆਦਰ ਕਰਦੇ ਹਨ ਉਨ੍ਹਾਂ ਨੂੰ ਇਸ ਵਿਚਾਰ ਨੂੰ ਰੱਦ ਕਰਨਾ ਚਾਹੀਦਾ ਹੈ।

2. ਇਕ ਹੋਰ ਵਿਆਖਿਆ ਇਹ ਹੈ ਕਿ 1 ਕੁਰਿੰਥੀਆਂ 10 ਵਿਚਲਾ ਹਵਾਲਾ ਗਿਣਤੀ 25 ਵਿਚ ਪਾਈ ਜਾਣ ਵਾਲੀ ਘਟਨਾ ਦੇ ਬਾਰੇ ਗੱਲ ਨਹੀਂ ਕਰ ਰਿਹਾ ਹੈ, ਪਰ ਕੂਚ 32 ਵਿਚ ਪਾਈ ਜਾਣ ਵਾਲੀ ਘਟਨਾ ਦੇ ਬਾਰੇ ਗੱਲ ਕਰ ਰਿਹਾ ਹੈ, ਕਿਉਂਕਿ 1 ਕੁਰਿੰਥੀਆਂ 10:7 ਕੂਚ 32 ਵਿੱਚੋਂ ਹਵਾਲਾ ਦਿੰਦੀ ਹੈ। ਕੂਚ ਦੀ ਪੁਸਤਕ ਆਖਦੀ ਹੈ ਕਿ ਤਿੰਨ ਹਜ਼ਾਰ ਪੁਰਸ਼ ਮਾਰੇ ਗਏ ਸਨ (32:28) ਉਨ੍ਹਾਂ ਤੋਂ ਇਲਾਵਾਂ ਜਿਹੜੇ ਬਵਾ ਵਿਚ ਮਰੇ ਸਨ (32:35), *ਸੰਭਵ ਤੌਰ ਤੇ* ਹੋਰ ਵੀਹ ਹਜ਼ਾਰ। ਇਸ ਵਿਚਾਰ ਅਨੁਸਾਰ, ਪੌਲੁਸ ਕੂਚ 32 ਵਿਚ ਕੁੱਲ ਮਾਰੇ ਗਏ ਲੋਕਾਂ ਬਾਰੇ ਗੱਲ ਕਰ ਰਿਹਾ ਸੀ: ਤਿੰਨ ਹਜ਼ਾਰ ਜਿਹੜੇ ਤਲਵਾਰ ਨਾਲ ਮਾਰੇ ਗਏ ਸਨ ਅਤੇ ਵੀਹ ਹਜ਼ਾਰ ਜਿਹੜੇ ਬਵਾ ਨਾਲ ਮਾਰੇ ਗਏ ਸਨ।[14]

3. ਸ਼ਾਇਦ ਪੌਲੁਸ ਗਿਣਤੀ ਦੀ ਹੱਥਲਿਖਤ ਵਰਤ ਰਿਹਾ ਸੀ, ਭਾਵੇਂ ਉਹ ਇਬਰਾਨੀ ਜਾਂ ਇਕ ਯੂਨਾਨੀ ਅਨੁਵਾਦ ਹੋਵੇ, ਜਿਸ ਦੇ ਵਿਚ 24,000 ਦੇ ਬਜਾਇ 23,000 ਲਿਖਿਆ ਸੀ। ਪਰ, ਬਚੀਆਂ ਹੋਈਆਂ ਹੱਥਲਿਖਤਾਂ ਵਿਚ ਇਕਸਾਰ 24,000 ਹੈ।

4. ਪੌਲੁਸ ਸ਼ਾਇਦ ਯਹੂਦੀ ਪਰੰਪਰਾ ਦਾ ਪਾਲਣ ਕਰ ਰਿਹਾ ਹੋਵੇਗਾ 1,000 ਇਸਰਾਏਲੀ ਮੁਖੀਏ ਮਾਰ ਦਿੱਤੇ ਗਏ ਸਨ (ਜਿਵੇਂ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ) ਜਿਸ ਨਾਲ ਉਨ੍ਹਾਂ ਦੀ ਕੁੱਲ ਗਿਣਤੀ 24,000 ਹੋ ਗਈ ਜਿਹੜੇ ਪਾਪ ਦੇ ਕਾਰਣ ਮਰੇ ਸਨ। ਇਸ ਵਿਚਾਰ ਦੇ ਵਿਰੁੱਧ, ਇਹ ਦੱਸਿਆ ਜਾਣਾ ਚਾਹੀਦਾ ਹੈ ਕਿ 25:9 ਆਖਦੀ ਹੈ ਕਿ "ਜਿਹੜੇ ਉਸ ਬਵਾ ਨਾਲ ਮਰੇ" 24,000 ਸਨ।

5. ਸ਼ਾਇਦ ਪੌਲੁਸ ਸਿਰਫ ਉਨ੍ਹਾਂ ਲੋਕਾਂ ਬਾਰੇ ਗੱਲ ਕਰ ਰਿਹਾ ਸੀ ਜਿਹੜੇ ਬਵਾ ਨਾਲ "ਇੱਕ ਦਿਨ ਵਿੱਚ" ਮਰੇ ਸਨ (1 ਕੁਰਿੰਥੀਆਂ 10:8)। ਬਾਕੀ ਕਿਸੇ ਹੋਰ ਦਿਨ ਮਰੇ ਸਨ।

6. ਇਕ ਹੋਰ ਸੁਝਾਅ ਇਹ ਹੈ ਕਿ 24,000 ਸ਼ਾਇਦ 23,500 ਦੇ ਲਈ ਇਕ ਮੋਟੀ ਗਿਣਤੀ ਹੈ। ਇਹ ਕਲਪਨਾ ਕੀਤੀ ਜਾਂਦੀ ਹੈ ਕਿ ਪੌਲੁਸ ਨੇ 24,000 ਦੀ ਗਿਣਤੀ ਨੂੰ ਮੋਟੀ ਸੰਖਿਆ ਬਣਾਉਣ ਦੀ ਬਜਾਇ 23,000 ਨੂੰ ਮੋਟੀ ਸੰਖਿਆ ਬਣਾ ਦਿੱਤਾ।

ਹੋਰ ਜ਼ਿਆਦਾ ਜਾਣਕਾਰੀ ਨਾ ਹੋਣ ਦੇ ਕਾਰਣ ਇਸ ਸਵਾਲ ਦੇ ਜਵਾਬ ਦਾ ਪਤਾ ਲਗਾਉਣ ਮੁਸ਼ਕਲ ਹੈ।

---

**ਟਿੱਪਣੀਆਂ**

[1]ਆਰ. ਡੈਨਿਸ ਕੋਲ ਦੀ ਪੁਸਤਕ *ਜ਼ੋਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੋਨ ਐਚ. ਵਾਲਟਨ (ਗਰੈਂਡ ਰੈਪਿਡਸ,

ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ਾ 385 ਤੇ "ਗਿਣਤੀ" ਹੈ। [2]ਟੀ. ਕਾਰਸਨ ਦੀ ਪੁਸਤਕ *ਦ ਨਿਊ ਲੇਅਮੈਨਸ ਬਾਈਬਲ ਕਮੈਂਟਰੀ ਇਨ ਵਨ ਵੋਲੁਅਮ*, ਸੰਪਾ. ਜੀ. ਸੀ. ਡੀ. ਹੋਲੀ, ਐਫ. ਐਫ. ਬਰੂਸ ਅਤੇ ਐਚ. ਐਲ. ਐਲੀਸਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 1979) ਵਿਚ ਸਫ਼ਾ 273 ਤੇ "ਗਿਣਤੀ" ਹੈ। [3]ਰੋਨਲਡ ਬੀ. ਐਲਨ ਦੀ ਪੁਸਤਕ *ਦੀ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਕੂਚ*, ਸੰਪਾ. ਫਰੈਂਕ ਈ. ਗਾਬੀਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 919 ਤੇ "ਗਿਣਤੀ" ਹੈ। [4]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 338. [5]ਵੇਅਨ ਗਰੁਡੈਮ, *ਸਿਸਟੇਮੈਟਿਕ ਥੀਓਲੋਜੀ* (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1994), 205. [6]ਬਾਅਦ ਦੇ ਸਮਿਆਂ ਵਿਚ, ਫ਼ੀਨਹਾਸ ਦੀ ਅਣਖ ਯਹੂਦੀ ਲੋਕਾਂ ਦੇ ਲਈ ਪ੍ਰੇਰਣਾ ਦਾ ਇਕ ਸ੍ਰੋਤ ਸੀ (ਪਰਵਕਤਾ ਗ੍ਰੰਥ 45:23; 1 ਮੱਕਾਬੀਆਂ 2:26, 54; 4 ਮੱਕਾਬੀਆਂ 18:12)। [7]ਸੀ. ਐਫ. ਕੀਲ ਅਤੇ ਐਫ. ਡੈਲਿਟਜ਼ਸਚ, *ਦ ਪੈਂਟਾਟੂਕ*, ਜਿਲਦ 3, ਅਨੁਵਾਦ. ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 207. [8]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੋਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2001), 276. [9]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 184 ਤੇ *ਗਿਣਤੀ* ਹੈ। [10]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 524 ਤੇ *ਗਿਣਤੀ ਦੀ ਪੁਸਤਕ* ਹੈ।

[11]ਡੈਨਿਸ ਟੀ. ਓਲਸਨ ਦੀ ਪੁਸਤਕ ਇੰਟਰਪ੍ਰੀਟੇਸ਼ਨ (ਲਾਊਸਵਿਲੇ: ਜੌਨ ਨੌਕਸ ਪ੍ਰੈਸ, 1996) ਵਿਚ ਸਫ਼ਾ 153 ਤੇ *ਗਿਣਤੀ* ਹੈ। [12]ਕਾਰਸਨ, 273. [13]ਰੋਏ ਗੇਨ ਦੀ ਪੁਸਤਕ ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 735 ਤੇ *ਲੇਵੀਆਂ, ਗਿਣਤੀ* ਹੈ। [14]ਗਲੀਸਨ ਐਲ. ਆਰਚਰ, *ਇਨਸਾਇਕਲੋਪੀਡੀਆ ਆਫ਼ ਬਾਈਬਲ ਡਿਫੀਕੱਲਟੀਜ* (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1982), 401.